
People's Herald

Rs- 100/month

# "ਇਕੁਐਲਿਟੀ ਐਂਡ ਜਸਟਿਸ"

https://www.facebook.com/profile.php?id=61037521061610





"Equality and Justice"

स्वतंत्रता, समानता, भाईचारा

PATIALA

On line paper

11 ਜੂਨ 2025 ਬੁੱਧਵਾਰ "ਰੋਜ਼ਾਨਾ" ਸਾਲ ਚੌਥਾ

w.e.f. 15 August 2022

ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ

(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ



**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ

"ਇਕੁਐਲਿਟੀ ਐਂਡ ਜਸਟਿਸ"

# ਮਹਾਨ ਸਤਿਗੁਰੂ ਕਬੀਰ ਜੀ ਦੇ ਜਨਮ ਦਿਵਸ਼ ਦੇ ਮੌਕੇ ਤੇ ਸਮੁੱਚੇ ਜਗਤ ਨੂੰ ਬਹੁਤ ਬਹੁਤ ਮੁਬਾਰਕਾਂ ਹੋਣ ਜੀ

## ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ ॥ ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ ॥

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 10 ਜੂਨ INTERNATIONAL PAPER, 94636 01616 hardipchumber57@gmail.com

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ 1604 ਨੂੰ ਗੁਰੂ ਅਰਜਨ ਦੇਵ ਜੀ ਨੇ ਕੀਤੀ। ਮਹਾਨ ਗੁਰੂ ਕਬੀਰ ਜੀ ਦੀ ਬਾਣੀ ਦਾ ਦੂਜਾ ਵੱਡਾ ਅਤੇ ਪ੍ਰਮਾਣਿਕ ਸਰੋਤ 'ਗੁਰੂ ਗ੍ਰੰਥ ਸਾਹਿਬ ਜੀ' ਹਨ। ਕਬੀਰ ਫ਼ਿਲਾਸਫ਼ੀ ਦਾ ਗੁਰਮਤਿ ਵਿਚਾਰਧਾਰਾ ਨਾਲ ਬਹੁਤ ਸੁਮੇਲ ਹੈ। ਇਹੀ ਕਾਰਣ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕਰਨ ਦਾ 1 ਕਬੀਰ ਸਾਹਿਬ ਜੀ ਦੀ ਬਾਣੀ 17 ਰਾਗਾਂ ਵਿਚ ਕੁੱਲ 225 ਸ਼ਬਦ, 3 ਅਸਟਪਦੀਆਂ, 1 ਬਾਵਨ ਅੱਖਰੀ, 1 ਥਿਤੀ, 1 ਸਤ ਵਾਰ ਤੇ 243 ਸਲੋਕ ਦਰਜ ਹਨ। ਕਬੀਰ ਜੀ ਦੀ ਬਾਣੀ ਸੱਚ 'ਤੇ ਪਹਿਰਾ ਅਤੇ ਝੂਠ (ਕਰਮਕਾਂਡਾਂ) ਦਾ ਵਿਰੋਧ ਕਰਦੀ ਹੈ ।

ਮਹਾਨ ਸਤਿਗੁਰੂ ਕਬੀਰ ਜੀ ਦੀ ਬਾਣੀ ਨੂੰ ਤਤਕਾਲੀ ਬ੍ਰਾਹਮਣਵਾਦੀ ਵਿਵਸਥਾ ਤੇ ਸਮਕਾਲ 'ਚ ਉਨ੍ਹਾਂ ਦੇ ਰਚੇ ਬੀਰ ਰਸੀ 'ਸੂਰਾ ਸੋ ਪਹਿਚਾਨੀਐ' ਰਾਹੀਂ ਸਮਝਿਆ ਜਾ ਸਕਦਾ ਹੈ। ਮੱਧਕਾਲੀ ਸਮਾਜਿਕ ਹਾਲਾਤ 'ਚ ਭੇਦਭਾਵ ਦਾ ਵਰਤਾਰਾ ਪ੍ਰਤੱਖ ਸੀ। ਸਮਕਾਲੀ ਹਾਲਾਤ ਵਿਚ ਕਦੇ ਇਹ ਪ੍ਰਤੱਖ ਤੇ ਕਦੇ ਪ੍ਰੋਖ ਰੂਪ ਵਿਚ ਸਾਮਹਣੇ ਆਉਂਦਾ ਹੈ ਪਰ ਅਜਿਹਾ ਪ੍ਰਗਟਾਓ ਨਿਸ਼ਚੈ ਤੌਰ 'ਤੇ ਤਤਕਾਲ ਤੇ ਸਮਕਾਲ ਜਾਤੀਵਾਦ ਵਿਚ ਗ੍ਰਸਤ ਲੋਕਾਂ ਦੇ ਅਵਚੇਤਨ ਪਿਆ ਨਜ਼ਰ ਆਉਂਦਾ ਹੈ:



# ਮਹਾਨ ਸਤਿਗੁਰੂ ਕਬੀਰ ਜੀ ਦੇ ਜਨਮ ਦਿਵਸ਼ ਦੀਆਂ ਹਾਰਦਿਕ ਮੁਬਾਰਕਾਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 10 ਜੂਨ INTERNATIONAL PAPER, 94636 01616 hardipchumber57@gmail.com





ਬਹੁਜਨ ਸਮਾਜ ਪਾਰਟੀ ਮੁਖੀ ਕੁਮਾਰੀ ਮਾਇਆਵਤੀ ਜੀ ਅਤੇ ਪੰਜਾਬ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਦੇਸ਼ ਅਤੇ ਦੁਨੀਆ ਭਰ ਵਿੱਚ ਰਹਿੰਦੇ ਸਾਰੇ ਭਾਰਤੀ ਭਰਾਵਾਂ ਅਤੇ ਭੈਣਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮਹਾਨ ਗੁਰੂ ਕਬੀਰ ਜੀ ਦੇ ਜਨਮ ਦਿਵਸ਼ ਦੀਆਂ ਹਾਰਦਿਕ ਮੁਬਾਰਕਾਂ ਅਤੇ ਖੁਸ਼ੀ, ਸ਼ਾਂਤੀ ਅਤੇ ਖੁਸ਼ਹਾਲ ਜੀਵਨ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਅਮਰੀਕਾ ਵਿੱਚ ਅਣਅਧਿਕਾਰਤ ਪਰਵਾਸੀਆਂ ਨੂੰ ਗ੍ਰਿਫ਼ਤਾਰ ਕਰਨ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਦੇ ਖਿਲਾਫ 2100 ਨੈਸ਼ਨਲ ਗਾਰਡ ਮੈਂਬਰਾਂ ਦੀ ਤੈਨਾਤੀ ਕਰਨ ਕਾਰਨ ਹੋ ਰਹੇ ਹਨ ਭਾਰੀ ਰੋਸ ਪ੍ਰਦਰਸ਼ਨ

## ਲਾਸ ਏਂਜਲਸ ਵਿੱਚ ਹਿੰਸਕ ਹੋਏ ਰੋਸ-ਮੁਜ਼ਾਹਰੇ, ਗਵਰਨਰ ਨੇ ਟਰੰਪ ਖ਼ਿਲਾਫ਼ ਕੀਤਾ ਮੁਕੱਦਮਾ ਦਾਇਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 10 ਜੂਨ INTERNATIONAL PAPER, 94636 01616 hardipchumber57@gmail.com






ਅਮਰੀਕਾ ਦੇ ਕੈਲੀਫੋਰਨੀਆ ਦੇ ਲਾਸ ਏਂਜਲਸ ਸ਼ਹਿਰ ਵਿੱਚ ਲਗਾਤਾਰ ਤਿੰਨ ਦਿਨਾਂ ਤੋਂ ਵਿਰੋਧ ਪ੍ਰਦਰਸ਼ਨ ਚੱਲ ਰਹੇ ਹਨ। ਇਸ ਦੌਰਾਨ ਅੱਗਜ਼ਨੀ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਹਨ।

ਇਹ ਵਿਰੋਧ ਪ੍ਰਦਰਸ਼ਨ, ਅਮਰੀਕੀ ਇਮੀਗ੍ਰੇਸ਼ਨ ਏਜੰਸੀ ਵੱਲੋਂ ਗ਼ੈਰ-ਕਾਨੂੰਨੀ ਪਰਵਾਸੀਆਂ 'ਤੇ ਕੀਤੇ ਗਏ ਛਾਪਿਆਂ ਦੇ ਵਿਰੁੱਧ ਕੀਤੇ ਜਾ ਰਹੇ ਹਨ ਅਤੇ ਇਸ ਦੌਰਾਨ ਕਈ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਵੀ ਲਿਆ ਗਿਆ ਹੈ।

ਵ੍ਹਾਈਟ ਹਾਊਸ ਦੇ ਇੱਕ ਬਿਆਨ ਮੁਤਾਬਕ, ਲਾਸ ਏਂਜਲਸ ਵਿੱਚ 2,100 ਨੈਸ਼ਨਲ ਗਾਰਡ ਜਵਾਨ ਤਾਇਨਾਤ ਕੀਤੇ ਗਏ ਹਨ।

ਟਰੰਪ ਦੇ ਇਸ ਆਦੇਸ਼ ਨੂੰ ਲੈ ਕੇ ਅਮਰੀਕਾ 'ਚ ਵਿਰੋਧੀ ਧਿਰ ਦੇ ਆਗੂ ਉਨ੍ਹਾਂ ਦੀ ਆਲੋਚਨਾ ਕਰ ਰਹੇ ਹਨ। ਦੂਜੇ ਪਾਸੇ ਕੈਲੀਫੋਰਨੀਆ ਦੇ ਗਵਰਨਰ ਨੇ ਟਰੰਪ ਪ੍ਰਸ਼ਾਸਨ ਖ਼ਿਲਾਫ਼ ਮੁਕੱਦਮਾ ਵੀ ਦਾਇਰ ਕੀਤਾ ਹੈ।

ਪੈਰਾਮਾਉਂਟ ਵਿੱਚ ਇੱਕ ਹੋਮ ਡਿਪੋ ਸਟੋਰ 'ਤੇ ਆਈਸੀਈ ਦੇ ਛਾਪੇਮਾਰੀ ਦੀਆਂ ਰਿਪੋਰਟਾਂ ਵੀ ਆਈਆਂ ਸਨ, ਜਿਨ੍ਹਾਂ ਬਾਰੇ ਅਧਿਕਾਰੀਆਂ ਨੇ ਬੀਬੀਸੀ ਨੂੰ ਕਿਹਾ ਇਹ ਝੂਠੀਆਂ ਸਨ।

ਰਾਸ਼ਟਰਪਤੀ ਡੌਨਲਡ ਟਰੰਪ ਦੇ ਪ੍ਰਸ਼ਾਸਨ ਅਧੀਨ ਅਮਰੀਕਾ ਵਿੱਚ ਇਮੀਗ੍ਰੇਸ਼ਨ ਛਾਪੇਮਾਰੀ ਵਿੱਚ ਤੇਜ਼ੀ ਆਈ ਹੈ।

ਆਈਸੀਈ ਨੇ ਬਾਅਦ ਵਿੱਚ ਸੀਬੀਐੱਸ ਨੂੰ ਦੱਸਿਆ ਕਿ ਸ਼ੁੱਕਰਵਾਰ ਨੂੰ ਇੱਕ ਨੌਕਰੀ ਵਾਲੀ ਥਾਂ 'ਤੇ ਇੱਕ ਹੀ ਕਾਰਵਾਈ ਵਿੱਚ 44 ਅਣਅਧਿਕਾਰਤ ਪਰਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸੇ ਦਿਨ ਗ੍ਰੇਟਰ ਲਾਸ ਏਂਜਲਸ ਇਲਾਕੇ ਵਿੱਚ 77 ਹੋਰ ਲੋਕਾਂ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ ਸੀ।

ਇਨ੍ਹਾਂ ਛਾਪਿਆਂ ਤੋਂ ਬਾਅਦ, ਜਦੋਂ ਇਹ ਪਤਾ ਲੱਗਿਆ ਕਿ ਡਾਊਨਟਾਊਨ ਐੱਲਏ (ਲਾਸ ਏਂਜਲਸ) ਵਿੱਚ ਫੈਡਰਲ ਬਿਲਡਿੰਗ ਵਿੱਚ ਕਥਿਤ ਤੌਰ 'ਤੇ ਨਜ਼ਰਬੰਦਾਂ ਨੂੰ ਰੱਖਿਆ ਜਾ ਰਿਹਾ ਹੈ ਤਾਂ ਇਹ ਇਮਾਰਤ ਪ੍ਰਦਰਸ਼ਨਾਂ ਦਾ ਕੇਂਦਰ ਬਣ ਗਈ ਹੈ।

ਸੀਬੀਐੱਸ ਰਿਪੋਰਟਾਂ ਅਨੁਸਾਰ, ਇਮਾਰਤ 'ਤੇ ਗ੍ਰੈਫਿਟੀ ਬਣਾਈ ਗਈ (ਸਪ੍ਰੇਅ ਵਾਲੇ ਰੰਗਾਂ ਨਾਲ ਨਾਅਰੇ ਆਦਿ ਲਿਖਣਾ) ਅਤੇ ਪੁਲਿਸ 'ਤੇ ਵਸਤੂਆਂ ਸੁੱਟੀਆਂ ਗਈਆਂ।

ਵਿਰੋਧ ਪ੍ਰਦਰਸ਼ਨ ਸ਼ਨੀਵਾਰ ਨੂੰ ਵੀ ਜਾਰੀ ਰਹੇ, ਜਿਸ ਕਾਰਨ ਟਰੰਪ ਨੇ ਲਾਸ ਏਂਜਲਸ ਇਲਾਕੇ ਵਿੱਚ 2,000 ਨੈਸ਼ਨਲ ਗਾਰਡ ਮੈਂਬਰਾਂ ਨੂੰ ਤੈਨਾਤ ਕਰਨ ਦਾ ਆਦੇਸ਼ ਦਿੱਤਾ।

### ਕਮਲਾ ਹੈਰਿਸ ਨੇ ਕਿਹਾ 'ਖ਼ਤਰਨਾਕ ਕਦਮ'

ਸਾਬਕਾ ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਟਰੰਪ ਪ੍ਰਸ਼ਾਸਨ ਦੀ ਇਸ ਕਾਰਵਾਈ ਦੀ ਆਲੋਚਨਾ ਕੀਤੀ ਹੈ।

ਉਨ੍ਹਾਂ ਨੇ ਵਿਰੋਧ ਪ੍ਰਦਰਸ਼ਨਾਂ ਵਿੱਚ ਨੈਸ਼ਨਲ ਗਾਰਡਾਂ ਦੀ ਤੈਨਾਤੀ ਨੂੰ ਇੱਕ ਖ਼ਤਰਨਾਕ ਕਦਮ ਕਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਦੀ ਕਾਰਵਾਈ "ਜਨਤਕ ਸੁਰੱਖਿਆ ਬਾਰੇ ਨਹੀਂ ਹੈ ਬਲਕਿ ਡਰ ਫੈਲਾਉਣ ਦੀ ਕੋਸ਼ਿਸ਼ ਹੈ।"

ਕਮਲਾ ਹੈਰਿਸ ਨੇ ਕਿਹਾ, "ਨੈਸ਼ਨਲ ਗਾਰਡ ਦੀ ਤੈਨਾਤੀ ਇੱਕ ਖ਼ਤਰਨਾਕ ਕਦਮ ਹੈ ਜਿਸਦਾ ਉਦੇਸ਼ ਅਰਾਜਕਤਾ ਭੜਕਾਉਣਾ ਹੈ। ਇਹ ਟਰੰਪ ਪ੍ਰਸ਼ਾਸਨ ਦੀ ਇੱਕ ਜ਼ਾਲਮ ਅਤੇ ਸੋਚੀ-ਸਮਝੀ ਰਣਨੀਤੀ ਦਾ ਹਿੱਸਾ ਹੈ, ਜਿਸ ਦਾ ਉਦੇਸ਼ ਘਬਰਾਹਟ ਅਤੇ ਵੰਡ ਫੈਲਾਉਣਾ ਹੈ।"

ਕੈਲੀਫੋਰਨੀਆ ਦੇ ਸਾਬਕਾ ਅਟਾਰਨੀ ਜਨਰਲ ਹੈਰਿਸ ਨੇ ਐਕਸ 'ਤੇ ਪੋਸਟ ਕੀਤੇ ਇੱਕ ਬਿਆਨ ਵਿੱਚ ਕਿਹਾ, "ਵਿਰੋਧ ਇੱਕ ਸ਼ਕਤੀਸ਼ਾਲੀ ਸਾਧਨ ਹਨ ਜੋ ਨਿਆਂ ਦੀ ਲੜਾਈ ਵਿੱਚ ਬਹੁਤ ਜ਼ਰੂਰੀ ਹਨ।"

"ਮੈਂ ਉਨ੍ਹਾਂ ਲੱਖਾਂ ਅਮਰੀਕੀਆਂ ਦੇ ਨਾਲ ਖੜ੍ਹੀ ਹਾਂ ਜੋ ਸਾਡੇ ਜ਼ਰੂਰੀ ਅਧਿਕਾਰਾਂ ਅਤੇ ਆਜ਼ਾਦੀ ਦੀ ਰੱਖਿਆ ਲਈ ਆਪਣੀ ਆਵਾਜ਼ ਬੁਲੰਦ ਕਰ ਰਹੇ ਹਨ।"

ਅਮਰੀਕਾ ਵਿੱਚ ਬੀਬੀਸੀ ਦੇ ਭਾਈਵਾਲ ਸੀਬੀਐੱਸ ਨਿਊਜ਼ ਦੇ ਅਨੁਸਾਰ, ਅਮਰੀਕੀ ਰਾਸ਼ਟਰਪਤੀ ਚੋਣ ਹਾਰਨ ਤੋਂ ਬਾਅਦ ਕਮਲਾ ਹੈਰਿਸ 2026 ਵਿੱਚ ਆਪਣੇ ਗ੍ਰਹਿ ਸੂਬੇ ਕੈਲੀਫੋਰਨੀਆ ਵਿੱਚ ਗਵਰਨਰ ਦੇ ਅਹੁਦੇ ਲਈ ਚੋਣ ਲੜਨ ਬਾਰੇ ਸੋਚ ਰਹੇ ਹਨ।


ਤੀਜੇ ਦਿਨ ਦੇ ਪ੍ਰਦਰਸ਼ਨਾਂ ਤੋਂ ਬਾਅਦ, ਡਾਊਨਟਾਊਨ ਲਾਸ ਏਂਜਲਸ ਨੂੰ ਪੁਲਿਸ ਨੇ "ਗ਼ੈਰ-ਕਾਨੂੰਨੀ ਇਕੱਠ" ਵਾਲਾ ਖੇਤਰ ਐਲਾਨ ਕਰ ਦਿੱਤਾ ਹੈ ਅਤੇ ਵਿਰੋਧ ਪ੍ਰਦਰਸ਼ਨ ਜਾਰੀ ਹਨ।

ਲਾਸ ਏਂਜਲਸ ਪੁਲਿਸ ਦਾ ਕਹਿਣਾ ਹੈ ਕਿ ਇਸ ਦੌਰਾਨ ਕੁਝ ਦੁਕਾਨਦਾਰਾਂ ਨੇ ਰਿਪੋਰਟ ਕੀਤਾ ਹੈ ਕਿ ਉਨ੍ਹਾਂ ਦੇ ਸਟੋਰ ਤੋਂ ਲੁੱਟ ਕੀਤੀ ਗਈ ਹੈ ਅਤੇ ਪੁਲਿਸ ਇਸ ਸਬੰਧੀ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਵਿੱਚ ਲੱਗੀ ਹੈ।

ਨੈਸ਼ਨਲ ਗਾਰਡਾਂ ਦੀ ਤੈਨਾਤੀ ਬਾਰੇ ਟਰੰਪ ਸਰਕਾਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ ਏਜੰਟਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਉਨ੍ਹਾਂ ਨੂੰ ਜ਼ਖਮੀ ਕੀਤਾ ਜਾ ਰਿਹਾ ਸੀ, ਜਦਕਿ ਸਥਾਨਕ ਪੱਧਰ 'ਤੇ ਕਾਨੂੰਨ ਵਿਵਸਥਾ ਨੂੰ ਸੰਭਾਲਣ ਵਾਲਿਆਂ ਦੀ ਪ੍ਰਤੀਕਿਰਿਆ ਬਹੁਤ ਹੌਲੀ ਸੀ।

# ਮਿੰਨੀ ਸਕੱਤਰੇਤ 'ਚ ਡੀਸੀ ਦਫ਼ਤਰ ਪਟਿਆਲਾ ਦੇ ਰਿਕਾਰਡ ਨੂੰ ਅੱਗ ਲੱਗੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 10 ਜੂਨ
INTERNATIONAL PAPER, 9463601616
hardipchumber57@gmail.com



ਇੱਥੇ ਮਿੰਨੀ ਸਕੱਤਰੇਤ ਵਿੱਚ ਸਥਿਤ ਡੀਸੀ ਦਫਤਰ ਦੀ ਸਿਖਰਲੀ ਇਮਾਰਤ ਵਿੱਚ ਪਏ ਰਿਕਾਰਡ ਨੂੰ ਅੱਗ ਲੱਗ ਗਈ। ਅੱਗ ਲੱਗਣ ਦੀ ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀ ਟੀਮ ਮੌਕੇ 'ਤੇ ਪੁੱਜ ਗਈ। ਅੱਗ ਲੱਗਣ ਦੇ ਕਾਰਨਾਂ ਦਾ ਅਤੇ ਹੋਣ ਵਾਲੇ ਨੁਕਸਾਨ ਬਾਰੇ ਫੌਰੀ ਕੋਈ ਜਾਣਕਾਰੀ ਨਹੀਂ ਮਿਲ ਸਕੀ।

# ਰਿਸ਼ਵਤ ਦੇ ਪੈਸੇ ਲੈ ਕੇ ਭੱਜਿਆ ਅਫ਼ਸਰ, ਖ਼ਾਲੀ ਪਲਾਟ ਵਿੱਚ ਸੁੱਟੇ ਰੁਪਏ,

## ਪ੍ਰਸ਼ਾਸਨਿਕ ਅਧਿਕਾਰੀ (ਏ.ਓ.) ਨਰਿੰਦਰ ਸਿੰਘ ਨੂੰ 30 ਹਜ਼ਾਰ ਦੀ ਰਿਸ਼ਵਤ ਲੈਂਦੇ ਫੜਿਆ ਗਿਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 10 ਜੂਨ
INTERNATIONAL PAPER, 9463601616
hardipchumber57@gmail.com



ਰਾਜਸਥਾਨ : ਭ੍ਰਿਸ਼ਟਾਚਾਰ ਵਿਰੋਧੀ ਬਿਊਰੋ (ਏ.ਸੀ.ਬੀ.) ਦੀ ਟੀਮ ਨੂੰ ਦੇਖ ਕੇ ਅਜਮੇਰ ਡਿਸਕੌਮ ਅਧਿਕਾਰੀ ਰਿਸ਼ਵਤ ਦੇ ਪੈਸੇ ਲੈ ਕੇ ਭੱਜ ਗਿਆ। ਏ.ਸੀ.ਬੀ. ਅਧਿਕਾਰੀ ਉਸਨੂੰ ਫੜਨ ਲਈ ਉਸਦੇ ਪਿੱਛੇ ਭੱਜੇ। ਇਸ ਦੌਰਾਨ ਬਿਜਲੀ ਅਧਿਕਾਰੀ ਨੇ ਰਿਸ਼ਵਤ ਦੇ ਪੈਸੇ ਇੱਕ ਖਾਲੀ ਪਲਾਟ ਵਿੱਚ ਸੁੱਟ ਦਿੱਤੇ। ਪੂਰੀ ਘਟਨਾ ਸੀ.ਸੀ.ਟੀ.ਵੀ. ਕੈਮਰਿਆਂ ਵਿੱਚ ਕੈਦ ਹੋ ਗਈ। ਇਹ ਘਟਨਾ ਮੰਗਲਵਾਰ ਨੂੰ ਝੁੰਝੁਨੂ ਜ਼ਿਲ੍ਹੇ ਦੇ ਚਿਦਾਵਾ ਏ.ਈ.ਐਨ. ਦਫਤਰ ਵਿੱਚ ਵਾਪਰੀ।

ਝੁੰਝੁਨੂ ਏ.ਸੀ.ਬੀ. ਏ.ਐਸ.ਪੀ. ਇਸਮਾਈਲ ਖਾਨ ਨੇ ਕਿਹਾ - ਅਜਮੇਰ ਡਿਸਕੌਮ ਦੇ ਏ.ਈ.ਐਨ. ਆਜ਼ਾਦ ਸਿੰਘ ਅਹਿਲਾਵਤ ਅਤੇ ਪ੍ਰਸ਼ਾਸਨਿਕ ਅਧਿਕਾਰੀ (ਏ.ਓ.) ਨਰਿੰਦਰ ਸਿੰਘ ਨੂੰ 30 ਹਜ਼ਾਰ ਦੀ ਰਿਸ਼ਵਤ ਲੈਂਦੇ ਫੜਿਆ ਗਿਆ ਹੈ। ਸੂਰਤਗੜ੍ਹ ਦੇ ਰਹਿਣ ਵਾਲੇ ਪੀੜਤ ਨੇ 6 ਜੂਨ ਨੂੰ ਏ.ਸੀ.ਬੀ. ਝੁੰਝੁਨੂ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਜਿਸ ਵਿੱਚ ਦੱਸਿਆ ਗਿਆ ਸੀ ਕਿ ਸੂਰਿਆ ਘਰ ਯੋਜਨਾ ਦੀ ਫਾਈਲ ਦੀ ਪ੍ਰਵਾਨਗੀ ਲਈ ਏ.ਈ.ਐਨ. ਨੇ ਏ.ਓ. ਰਾਹੀਂ 40 ਹਜ਼ਾਰ ਰੁਪਏ ਦੀ ਰਿਸ਼ਵਤ ਮੰਗੀ ਸੀ। ਇਸ ਤੋਂ ਬਾਅਦ 30 ਹਜ਼ਾਰ ਰੁਪਏ ਦੇਣ ਦਾ ਫੈਸਲਾ ਕੀਤਾ ਗਿਆ।

ਏਐਸਪੀ ਇਸਮਾਈਲ ਖਾਨ ਨੇ ਕਿਹਾ- ਏਓ ਨਰਿੰਦਰ ਸਿੰਘ ਨੇ ਮੰਗਲਵਾਰ ਨੂੰ ਪੀੜਤ ਨੂੰ ਪੈਸੇ ਲੈ ਕੇ ਖੇਤੜੀ ਰੋਡ 'ਤੇ ਪਾਵਰ ਹਾਊਸ ਦੇ ਬਾਹਰ ਬੁਲਾਇਆ। ਦੁਪਹਿਰ 1:30 ਵਜੇ ਪੀੜਤ ਪਾਵਰ ਹਾਊਸ ਦੇ ਬਾਹਰ ਪਹੁੰਚ ਗਿਆ। ਜਿਵੇਂ ਹੀ ਨਰਿੰਦਰ ਸਿੰਘ ਪੈਸੇ ਲੈ ਕੇ ਆਪਣੀ ਜੇਬ ਵਿੱਚ ਰੱਖੇ, ਏਸੀਬੀ ਦੀ ਟੀਮ ਮੌਕੇ 'ਤੇ ਪਹੁੰਚ ਗਈ।

ਏਐਸਪੀ ਨੇ ਕਿਹਾ- ਛਾਪੇਮਾਰੀ ਦਾ ਇਸ਼ਾਰਾ ਮਿਲਦੇ ਹੀ ਦੋਸ਼ੀ ਨਰਿੰਦਰ ਸਿੰਘ ਪਾਵਰ ਹਾਊਸ ਦੇ ਨੇੜੇ ਵਾਲੀ ਗਲੀ ਵਿੱਚ ਭੱਜ ਗਿਆ। ਇਸ ਦੌਰਾਨ ਦੋਸ਼ੀ ਨੇ ਆਪਣੀ ਜੇਬ ਵਿੱਚ ਪਏ ਪੈਸੇ ਨੇੜੇ ਦੇ ਇੱਕ ਖਾਲੀ ਪਲਾਟ ਵਿੱਚ ਸੁੱਟ ਦਿੱਤੇ। ਪਰ ਏਸੀਬੀ ਦੀ ਟੀਮ ਨੇ ਪਿੱਛਾ ਕਰਕੇ ਉਸਨੂੰ ਫੜ ਲਿਆ। ਇਸ ਤੋਂ ਬਾਅਦ ਦਫਤਰ ਦੇ ਅੰਦਰ ਬੈਠੇ ਏਈਐਨ ਆਜ਼ਾਦ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਟੀਮ ਦੋਵਾਂ ਮੁਲਜ਼ਮਾਂ ਨੂੰ ਚਿਦਾਵਾ ਥਾਣੇ ਲੈ ਗਈ ਹੈ, ਜਿੱਥੇ ਦੋਵਾਂ ਤੋਂ ਪੁੱਛਗਿੱਛ ਕੀਤੀ ਗਈ। ਇਸ ਦੇ ਨਾਲ ਹੀ ਏਈਐਨ ਦੇ ਟਿਕਾਣਿਆਂ 'ਤੇ ਕਾਰਵਾਈ ਕੀਤੀ ਜਾ ਰਹੀ ਹੈ।

# ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਕਮੇਟੀ ਨਾਭਾ ਦੇ ਅਹੁਦੇਦਾਰਾਂ ਵੱਲੋਂ ਅਸਤੀਫੇ ਦੇਣ ਕਰਕੇ ਬਣਾਈ ਅਡਹਾਕ ਕਮੇਟੀ,,, ਮੇਜਰ ਸਿੰਘ ਟਿੱਬੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 10 ਜੂਨ
INTERNATIONAL PAPER, 9463601616
hardipchumber57@gmail.com



ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਕਮੇਟੀ ਨਾਭਾ ਦੇ ਅਹੁਦੇਦਾਰਾਂ ਵੱਲੋਂ ਸਿਹਤ ਖ਼ਰਾਬ ਦਾ ਹਵਾਲਾ ਦੇ ਕੇ ਪਿਛਲੇ ਦਿਨੀਂ ਆਪਣੇ ਅਹੁਦਿਆਂ ਤੋਂ ਅਸਤੀਫ਼ੇ ਦੇ ਦਿੱਤੇ ਸਨ।

ਇਸ ਲਈ ਹਾਈ ਕਮਾਂਡ ਦੀਆਂ ਹਦਾਇਤਾਂ ਅਨੁਸਾਰ ਕੱਲ੍ਹ ਮਿਤੀ 9 ਜੂਨ 2025 ਨੂੰ ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਨਾਭਾ ਵਿਖੇ ਮੀਟਿੰਗ ਕਰਕੇ ਅਡਹਾਕ ਕਮੇਟੀ ਬਣਾ ਦਿਤੀ ਗਈ ਹੈ। ਅਤੇ ਜਲਦੀ ਹੀ ਵੱਡੀ ਮੀਟਿੰਗ ਕਰਕੇ ਚੋਣ ਕਰਵਾਉਣ ਦਾ ਫੈਸਲਾ ਕੀਤਾ ਗਿਆ। ਇਸ ਮੀਟਿੰਗ ਵਿੱਚ ਸ ਗੁਰਪ੍ਰੀਤ ਸਿੰਘ ਜੱਗੀ ਸਮਰਾ ਦੀ ਅਗਵਾਈ ਵਿੱਚ ਪੰਜ ਮੈਂਬਰੀ ਅਡਹਾਕ ਕਮੇਟੀ ਦਾ ਗਠਨ ਕੀਤਾ ਗਿਆ। ਜਿਹਨਾਂ ਵਿਚ ਜੱਗੀ ਤੋਂ ਇਲਾਵਾ ਸ ਨਿਰਭੈ ਸਿੰਘ, ਲਛਮਣ ਸਿੰਘ ਤੰਬੂਆਂ, ਕਰਿਸਨ ਸਿੰਘ ਰਾਜਗੜ੍ਹ ਅਤੇ ਇੰਦਰਜੀਤ ਸਿੰਘ ਮੈਹਰਾ ਨੂੰ ਮੈਂਬਰ ਲਗਾਇਆ ਗਿਆ। ਅਤੇ ਇਹਨਾਂ ਨੂੰ ਵਿਧਾਨ ਸਭਾ ਨਾਭਾ ਅਧੀਨ ਆਉਂਦੇ ਵੱਖ ਵੱਖ ਸੈਕਟਰਾਂ ਵਿੱਚ ਸੁਨੇਹੇ ਲਗਾ ਕੇ ਜਲਦੀ ਤੋਂ ਜਲਦੀ ਵੱਡੀ ਮੀਟਿੰਗ ਕਰਵਾਉਣ ਲਈ ਕਿਹਾ ਗਿਆ ਹੈ ਤਾਂ ਕਿ ਵਿਧਾਨ ਸਭਾ ਕਮੇਟੀ ਦੀ ਚੋਣ ਪ੍ਰਕਿਰਿਆ ਪੂਰੀ ਹੋ ਸਕੇ। ਇਸ ਮੀਟਿੰਗ ਵਿੱਚ ਸ ਬਲਦੇਵ ਸਿੰਘ ਮਹਿਰਾ ਸੂਬਾ ਮੀਤ ਪ੍ਰਧਾਨ ਬਸਪਾ, ਸ ਜੋਗਾ ਸਿੰਘ ਪਨੋਦੀਆ ਸੂਬਾ ਜਨਰਲ ਸਕੱਤਰ, ਸ. ਜਰਨੈਲ ਸਿੰਘ ਆਈ ਟੀ ਓ., ਸ ਬੰਤ ਸਿੰਘ ਆਈ ਟੀ ਓ ਮੱਘਰ ਸਿੰਘ ਕਨਸੂਹਾ ਜ਼ਿਲ੍ਹਾ ਕੋਆਰਡੀਨੇਟਰ ਆਦਿ ਨੇ ਸੰਬੋਧਨ ਕੀਤਾ। ਮੀਟਿੰਗ ਵਿੱਚ ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਨਾਭਾ ਦੇ ਵੱਖ ਵੱਖ ਸੈਕਟਰਾਂ ਤੇ ਬਹੁਤ ਸਾਰੇ ਸਾਥੀ ਹਾਜ਼ਰ ਸਨ।

# ਰਾਖਵਾਂਕਰਨ ਘੱਟ ਗਿਣਤੀ ਸੀਟਾਂ 'ਤੇ ਲਾਗੂ ਕਰਨ ਦਾ ਵਿਰੋਧ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 10 ਜੂਨ
INTERNATIONAL PAPER, 9463601616
hardipchumber57@gmail.com



ਮੁੰਬਈ: 4 ਜੈਨ ਸੰਸਥਾਵਾਂ ਬੰਬੇ ਹਾਈ ਕੋਰਟ ਗਈਆਂ, ਉਹਨਾ ਸੰਸਥਾਵਾਂ ਨੇ ਮਹਾਰਾਸ਼ਟਰ ਸਰਕਾਰ ਦੇ SC, ST, ਅਤੇ OBC ਰਾਖਵੇਂਕਰਨ ਨੂੰ ਆਪਣੀਆਂ ਗੈਰ-ਘੱਟ ਗਿਣਤੀ FYJC ਸੀਟਾਂ ਵਿੱਚ ਸ਼ਾਮਲ ਕਰਨ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ, ਇਸਨੂੰ 'ਅਨਿਆਂਪੂਰਨ' ਅਤੇ 'ਸੰਵਿਧਾਨਕ' ਮੰਨਿਆ ਹੈ। ਸੰਸਥਾਵਾਂ ਨੇ ਬੰਬੇ ਹਾਈ ਕੋਰਟ ਵਿੱਚ ਪਟੀਸ਼ਨਾਂ ਦਾਇਰ ਕੀਤੀਆਂ ਹਨ, ਜਿਸ ਵਿੱਚ ਦਲੀਲ ਦਿੱਤੀ ਗਈ ਹੈ ਕਿ ਰਾਖਵੇਂਕਰਨ ਨਾਲ ਉਨ੍ਹਾਂ ਦੀ ਸੀਟ ਹਿੱਸੇਦਾਰੀ ਕਾਫ਼ੀ ਘੱਟ ਜਾਂਦੀ ਹੈ।

ਚਾਰ ਜੈਨ ਘੱਟ ਗਿਣਤੀ ਸੰਸਥਾਵਾਂ ਦੁਆਰਾ ਬੰਬੇ ਹਾਈ ਕੋਰਟ ਦੇ ਸਾਹਮਣੇ ਦੋ ਵੱਖ-ਵੱਖ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ, ਜਿਸ ਵਿੱਚ ਉਨ੍ਹਾਂ ਦੀਆਂ ਗੈਰ-ਘੱਟ ਗਿਣਤੀ FYJC ਸੀਟਾਂ ਵਿੱਚ SC, ST, ਅਤੇ OBC ਰਾਖਵੇਂਕਰਨ ਨੂੰ ਸ਼ਾਮਲ ਕਰਨ ਨੂੰ ਚੁਣੌਤੀ ਦਿੱਤੀ ਗਈ ਸੀ।

ਇਸ ਤੋਂ ਇਲਾਵਾ, ਮਹਾਰਾਸ਼ਟਰ ਘੱਟ ਗਿਣਤੀ ਸਿੱਖਿਆ ਸੰਸਥਾਵਾਂ ਐਸੋਸੀਏਸ਼ਨ, ਮੁੰਬਈ ਦੇ ਤਿੰਨ ਕਾਲਜਾਂ ਦੇ ਨਾਲ, ਮੰਗਲਵਾਰ ਨੂੰ HC ਵਿੱਚ ਇੱਕ ਸਾਂਝੀ ਪਟੀਸ਼ਨ ਦਾਇਰ ਕਰੇਗੀ। ਮੁੰਬਈ ਸਥਿਤ ਪਟੀਸ਼ਨਕਰਤਾ ਪਟੀਸ਼ਨ ਵਿੱਚ ਪ੍ਰਬੰਧਨ ਅਤੇ ਇਨ-ਹਾਊਸ ਕੋਟੇ ਦੀਆਂ ਸੀਟਾਂ ਦੀ ਗਲਤ ਗਣਨਾ ਵੀ ਜੋੜਨਗੇ, ਜਿਸ ਨੂੰ ਸੰਸਥਾਵਾਂ ਨੇ ਰਾਜ ਦੇ ਫੈਸਲੇ ਨੂੰ 'ਅਨਿਆਂਪੂਰਨ' ਅਤੇ 'ਸੰਵਿਧਾਨਕ' ਕਰਾਰ ਦਿੱਤਾ ਹੈ, ਪਰ ਸਰਕਾਰੀ ਅਧਿਕਾਰੀ ਇਸ ਗੱਲ 'ਤੇ ਅੜੇ ਰਹੇ ਕਿ ਰਾਖਵਾਂਕਰਨ ਘੱਟ ਗਿਣਤੀ ਸੀਟਾਂ 'ਤੇ ਲਾਗੂ ਨਹੀਂ ਕੀਤਾ ਗਿਆ ਹੈ ਅਤੇ ਇਹ ਸਕਾਰਾਤਮਕ ਕਾਰਵਾਈ ਪਛੜੇ ਵਰਗਾਂ ਦੇ ਵਿਦਿਆਰਥੀਆਂ ਨੂੰ ਪ੍ਰਮੁੱਖ ਘੱਟ ਗਿਣਤੀ ਕਾਲਜਾਂ ਵਿੱਚ ਪੜ੍ਹਨ ਵਿੱਚ ਮਦਦ ਕਰੇਗੀ।

# ਬਲੀਆ ਵਿੱਚ ਸੀਰ ਬਲਾਕ ਪ੍ਰਮੁੱਖ ਵਿਰੁੱਧ ਐਸਸੀ-ਐਸਟੀ ਐਕਟ ਤਹਿਤ ਮਾਮਲਾ

## ਲਖਨਊ ਯੂਨੀਵਰਸਿਟੀ ਦੇ ਖੋਜ ਵਿਦਿਆਰਥੀ 'ਤੇ ਜਾਤੀਵਾਦੀ ਦੁਰਵਿਵਹਾਰ ਅਤੇ ਧਮਕੀਆਂ ਦਾ ਦੋਸ਼, ਪੀੜਤ ਨੇ ਸੁਰੱਖਿਆ ਦੀ ਮੰਗ ਕੀਤੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 10 ਜੂਨ
INTERNATIONAL PAPER, 9463601616
hardipchumber57@gmail.com



ਬਲੀਆ ਦੇ ਬੇਲਥਰਾ ਰੋਡ ਇਲਾਕੇ ਵਿੱਚ ਇੱਕ ਬਲਾਕ ਪ੍ਰਮੁੱਖ ਵਿਰੁੱਧ ਐਸਸੀ-ਐਸਟੀ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਲਖਨਊ ਯੂਨੀਵਰਸਿਟੀ ਦੇ ਖੋਜ ਵਿਦਿਆਰਥੀ ਦੀਪਕ ਕਨੌਜੀਆ ਨੇ ਸੀਰ ਬਲਾਕ ਪ੍ਰਮੁੱਖ ਅਲੋਕ ਕੁਮਾਰ ਸਿੰਘ 'ਤੇ ਜਾਤੀਵਾਦੀ ਦੁਰਵਿਵਹਾਰ ਕਰਨ ਅਤੇ ਉਸਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦਾ ਦੋਸ਼ ਲਗਾਇਆ ਹੈ। ਇਹ ਘਟਨਾ 21 ਮਈ 2025 ਨੂੰ ਵਾਪਰੀ ਸੀ। ਸ਼ਾਮ 4:39 ਵਜੇ, ਜਦੋਂ ਦੀਪਕ ਲਾਇਬ੍ਰੇਰੀ ਵਿੱਚ ਪੜ੍ਹ ਰਿਹਾ ਸੀ, ਤਾਂ ਆਲੋਕ ਸਿੰਘ ਨੇ ਉਸਨੂੰ ਬੁਲਾਇਆ ਅਤੇ ਜਾਤੀਵਾਦੀ ਦੁਰਵਿਵਹਾਰ ਕੀਤਾ। ਦੀਪਕ ਨੇ ਕਿਹਾ ਕਿ ਉਸਨੇ ਬਲਾਕ ਪ੍ਰਮੁੱਖ ਨਾਲ ਨਿਮਰਤਾ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ। ਉਸਨੇ ਉਸਨੂੰ 'ਚਾਚਾ ਜੀ' ਕਹਿ ਕੇ ਸੰਬੋਧਿਤ ਕੀਤਾ, ਪਰ ਧਮਕੀਆਂ ਜਾਰੀ ਰਹੀਆਂ।

### ਮਾਮਲੇ ਦੀ ਜਾਂਚ ਕਰ ਰਹੀ ਪੁਲਿਸ

ਪੀੜਤ ਦਾ ਦੋਸ਼ ਹੈ ਕਿ ਇਹ ਰਾਜਨੀਤਿਕ ਦੁਸ਼ਮਣੀ ਦਾ ਮਾਮਲਾ ਹੈ। ਉਸਦੇ ਪਿਤਾ ਤੁਰਤੀਪਰ ਪਿੰਡ ਦੇ ਕੋਟੇਦਾਰ ਸਨ। ਬਲਾਕ ਪ੍ਰਮੁੱਖ ਦਾ ਪਹਿਲਾਂ ਹੀ ਉਸਦੇ ਪਰਿਵਾਰ ਨਾਲ ਰੰਜਿਸ਼ ਸੀ। ਦੀਪਕ ਦੇ ਅਨੁਸਾਰ, ਇਸ ਮਾਨਸਿਕ ਪਰੇਸ਼ਾਨੀ ਕਾਰਨ, ਉਸਦੇ ਪਿਤਾ ਦੀ 31 ਅਕਤੂਬਰ 2024 ਨੂੰ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਹੁਣ ਉਸਦੀ ਮਾਂ ਇਕੱਲੀ ਰਹਿੰਦੀ ਹੈ ਅਤੇ ਪੂਰਾ ਪਰਿਵਾਰ ਡਰਿਆ ਹੋਇਆ ਹੈ।

ਪੀੜਤ ਨੇ ਰਾਜ ਸਰਕਾਰ ਤੋਂ ਸੁਰੱਖਿਆ ਦੀ ਮੰਗ ਕੀਤੀ ਹੈ। ਪੁਲਿਸ ਨੇ ਅਨੁਸੂਚਿਤ ਜਾਤੀ ਅੱਤਿਆਚਾਰ ਰੋਕਥਾਮ ਐਕਟ ਦੇ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਤੋਂ ਬਾਅਦ, ਬਹੁਤ ਚਰਚਾ ਹੋ ਰਹੀ ਹੈ।

ਆਲੋਕ ਕੁਮਾਰ ਸਿੰਘ ਬਲਾਕ ਪ੍ਰਮੁੱਖ ਨੇ ਕਿਹਾ- ਮੈਂ ਖੁਦ ਹੈਰਾਨ ਹਾਂ। ਮਾਮਲਾ ਫਰਜ਼ੀ ਤਰੀਕੇ ਨਾਲ ਦਰਜ ਕੀਤਾ ਗਿਆ ਹੈ। ਮੈਂ ਅਜਿਹਾ ਕੁਝ ਨਹੀਂ ਕਿਹਾ। ਜਦੋਂ ਮਾਮਲਾ ਦਰਜ ਹੋ ਗਿਆ ਹੈ, ਤਾਂ ਇਸਦਾ ਕਾਨੂੰਨੀ ਤੌਰ 'ਤੇ ਸਾਹਮਣਾ ਕੀਤਾ ਜਾਵੇਗਾ।

# ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ.ਜਗਦੀਪ ਸਿੰਘ ਨੇ ਤਿੰਨ ਹੋਸਟਲਾਂ ਦਾ ਦੌਰਾ ਕੀਤਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 10 ਜੂਨ
INTERNATIONAL PAPER, 9463601616
hardipchumber57@gmail.com



ਪਟਿਆਲਾ, 10 ਜੂਨ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ.ਜਗਦੀਪ ਸਿੰਘ ਵੱਲੋਂ ਯੂਨੀਵਰਸਿਟੀ ਹੋਸਟਲਾਂ ਦੀ ਸਾਫ਼ ਸਫ਼ਾਈ ਅਤੇ ਸਹੂਲਤਾਂ ਪੱਖੋਂ ਸਥਿਤੀ ਬਾਰੇ ਜਾਇਜ਼ਾ ਲੈਣ ਹਿਤ ਦੌਰਾ ਸ਼ੁਰੂ ਕੀਤਾ ਗਿਆ ਹੈ। ਇਸ ਦੌਰੇ ਦੇ ਪਹਿਲੇ ਦਿਨ ਉਹ ਕੈਂਪਸ ਦੇ ਤਿੰਨ ਹੋਸਟਲਾਂ ਵਿੱਚ ਪਹੁੰਚੇ। ਉਹ ਮਾਈ ਭਾਗੋ ਹੋਸਟਲ, ਬਾਬਾ ਬੰਦਾ ਸਿੰਘ ਬਹਾਦਰ ਹੋਸਟਲ ਅਤੇ ਡਾ.ਭੀਮ ਰਾਓ ਅੰਬੇਡਕਰ ਹੋਸਟਲ ਦੀਆਂ ਵੱਖ-ਵੱਖ ਥਾਵਾਂ ਉੱਤੇ ਗਏ ਅਤੇ ਵੱਖ-ਵੱਖ ਸੁਵਿਧਾਵਾਂ ਦੀ ਜਾਂਚ ਕੀਤੀ। ਉਨ੍ਹਾਂ ਹੋਸਟਲਾਂ ਦੇ ਕਮਰਿਆਂ, ਵਾਸ਼ਰੂਮਜ਼ ਤੇ ਪਖਾਨਿਆਂ ਦੀ ਜਾਂਚ ਕੀਤੀ ਅਤੇ ਇਨ੍ਹਾਂ ਦੇ ਸੁਧਾਰ ਹਿਤ ਲੋੜੀਂਦੇ ਕਾਰਜ ਤੁਰੰਤ ਸ਼ੁਰੂ ਕਰਨ ਬਾਰੇ ਇੰਜਨੀਅਰਿੰਗ ਵਿਭਾਗ ਦੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ।

ਇਸ ਦੌਰਾਨ ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ, ਰਜਿਸਟਰਾਰ ਪ੍ਰੋ.ਸੰਜੀਵ ਪੁਰੀ ਅਤੇ ਹੋਰ ਅਧਿਕਾਰੀ ਵੀ ਉਨ੍ਹਾਂ ਦੇ ਨਾਲ ਰਹੇ।

# ਪੰਜਾਬ ਸਰਕਾਰ ਸੋਚੀ ਸਮਝੀ ਸਾਜ਼ਿਸ ਤਹਿਤ ਲੋਕ ਪੱਖੀ ਮੀਡੀਆ ਕਰਮੀਆਂ ਦੀ ਅਵਾਜ਼ ਦਬਾਉਣ ਲੱਗੀ,

## *ਪੱਤਰਕਾਰਾਂ ਨਾਲ ਧੱਕੇਸ਼ਾਹੀ ਬਰਦਾਸ਼ਤ ਨਹੀਂ ਹੋਵੇਗੀ ,, ਡੀ.ਟੀ.ਐਫ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 10 ਜੂਨ INTERNATIONAL PAPER, 9463601616 hardipchumber57@gmail.com

ਮਾਨਸਾ 10 ਜੂਨ (ਆਤਮਾ ਸਿੰਘ ਪਮਾਰ) ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਤੰਤਰਿਕ ਕਦਰਾਂ ਕੀਮਤਾਂ ਦਾ ਘਾਣ ਕਰਦਿਆਂ ਜਨਤਾ ਦੀ ਅਵਾਜ਼ ਬੁਲੰਦ ਕਰਨ ਵਾਲੇ ਵੱਖ-ਵੱਖ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਦੇ ਪੱਤਰਕਾਰਾਂ ਨੂੰ ਸਬਕ ਸਿਖਾਉਣ ਲਈ ਸਰਕਾਰੀ ਏਜੰਸੀਆਂ ਦੀ ਦੁਰਵਰਤੋ ਕਰ ਰਹੀ ਹੈ। ਪ੍ਰੰਤੂ ਸਰਕਾਰੀ ਧੱਕੇਸ਼ਾਹੀ ਬਿੱਲਕੁੱਲ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਅਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਡੀ ਟੀ ਐਫ਼ ਜਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਅਤੇ ਹਰਜਿੰਦਰ ਅਨੂਪਗੜ੍ਹ ਨੇ ਕਿਹਾ ਕਿ ਆਪ ਸਰਕਾਰ ਵੱਲੋਂ ਜਮਹੂਰੀਅਤ ਨੂੰ ਛਿੱਕੇ ਟੰਗ ਕੇ ਪੰਜਾਬ ਨੂੰ ਇੱਕ ਤਰ੍ਹਾਂ ਨਾਲ ਪੁਲਿਸ ਰਾਜ ਬਣਾ ਕੇ ਰੱਖ ਦਿੱਤਾ ਹੈ।ਸਰਕਾਰ ਨੂੰ ਸਵਾਲ ਕਰਨ ਵਾਲੇ ਪੱਤਰਕਾਰਾਂ, ਜਨਤਕ ਜਥੇਬੰਦੀਆਂ ਦੇ ਆਗੂਆਂ ਅਤੇ ਬੁੱਧੀਜੀਵੀਆਂ ਨੂੰ ਸਰਕਾਰ ਪੁੱਛ ਗਿੱਛ ਦੇ ਬਹਾਨੇ ਧਮਕਾ ਰਹੀ ਹੈ |ਡੀ ਟੀ ਐਫ਼ ਦੇ ਸੀਨੀਅਰ ਆਗੂਆਂ ਗੁਰਤੇਜ ਉਭਾ, ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਪੰਜਾਬ ਸਰਕਾਰ ਦੀ ਬਦਲਾਖੋਰੀ ਵਾਲੀ ਨੀਤੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਸੀ,ਆਈ, ਡੀ, ਅਤੇ ਹੋਰ ਖੁਫੀਆ ਏਜੰਸੀਆਂ ਵੱਲੋਂ ਲਾਈਵ ਸੱਚ ਟੀ ,ਵੀ, ਦੇ ਬਖਸ਼ੀਸ਼ ਸਿੰਘ ਅਜਾਦ, ਲੋਕ ਆਵਾਜ਼ ਦੇ ਮਨਿੰਦਰਜੀਤ ਸਿੰਘ ਸਿੱਧੂ,ਆਰ ,ਬੀ,ਐਮ, ਦੇ ਜੱਸ ਗਰੇਵਾਲ , ਉੱਘੇ ਵਿਸ਼ਲੇਸ਼ਕ ਮਿੰਟੂ ਗੁਰੂਸਰੀਆ, ਏ. ਬੀ. ਸੀ. ਪੰਜਾਬ ਦੇ ਸੰਦੀਪ ਲਾਧੂਕਾ ਅਤੇ ਪੰਜਾਬੀ ਨਿਊਜ਼ ਕਾਰਨਰ ਦੇ ਗੁਰਪ੍ਰੀਤ ਸਿੰਘ ਨੂੰ ਆਪਣੇ ਦਫ਼ਤਰ ਬੁਲਾਕੇ ਬਿਨ੍ਹਾਂ ਵਜ੍ਹਾ ਖੱਜਲ ਖੁਆਰ ਕੀਤਾ ਗਿਆ ਹੈ। ਅਧਿਆਪਕ ਆਗੂਆਂ ਨੇ ਕਿਹਾ ਕਿ ਲੋਕ ਅਵਾਜ਼ ਦੇ ਪੱਤਰਕਾਰ ਉੱਤੇ ਪਹਿਲਾਂ ਵੀ ਸਿਆਸੀ ਸ਼ਹਿ ਤੇ ਝੂਠਾ ਪਰਚਾ ਦਰਜ ਕੀਤਾ ਗਿਆ ਸੀ ,ਜੋ ਜਨਤਕ ਰੋਹ ਪੈਦਾ ਹੋਣ ਕਾਰਨ ਵਾਪਸ ਲੈਣਾ ਪਿਆ। ਅਧਿਆਪਕ ਆਗੂਆਂ ਨੇ ਦੋਸ਼ ਲਗਾਇਆ ਕਿ ਆਏ ਦਿਨ ਬਣਾਏ ਜਾ ਰਹੇ ਝੂਠੇ ਪੁਲਿਸ ਮੁਕਾਬਲਿਆਂ, ਅਖੌਤੀ ਸਿੱਖਿਆ ਕ੍ਰਾਂਤੀ, ਅਖੌਤੀ ਯੁੱਧ ਨਸ਼ਿਆਂ ਵਿਰੁੱਧ ਦੀ ਅਸਲੀਅਤ ਲੋਕਾਂ ਸਾਹਮਣੇ ਆ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲੀਸ ਅਤੇ ਸੂਬਾ ਸਰਕਾਰ ਦੀਆਂ ਖੁਫ਼ੀਆ ਏਜੰਸੀਆਂ ਨੂੰ ਬੇਹਿਸਾਬ ਤਾਕਤਾਂ ਦੇਣ ਕਾਰਨ ਨਿੱਤ ਦਿਨ ਆਮ ਲੋਕਾਂ ਤੇ ਜ਼ਬਰ ਵੱਧਦਾ ਜਾ ਰਿਹਾ ਹੈ। ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਸੂਬਾ ਸਰਕਾਰ ਨੂੰ ਸੁਚੇਤ ਕਰਦਿਆਂ ਕਿਹਾ ਕਿ ਲੋਕ ਤਾਕਤ ਹੀ ਸਭ ਤੋਂ ਸਿਰਮੌਰ ਹੁੰਦੀ ਹੈ ਅਤੇ ਸਰਕਾਰ ਕਦੇ ਵੀ ਲੋਕਾਂ ਤੋਂ ਵੱਡੀ ਨਹੀਂ ਹੋ ਸਕਦੀ। ਉਨ੍ਹਾਂ ਚਿਤਾਵਨੀ ਭਰੇ ਲਹਿਜੇ 'ਚ ਕਿਹਾ ਕਿ ਜੇਕਰ ਭਵਿੱਖ ਵਿੱਚ ਇਨ੍ਹਾਂ ਪੱਤਰਕਾਰਾਂ ਨੂੰ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਤਾਂ ਇਸ ਦੀ ਜ਼ਿੰਮੇਵਾਰੀ ਸੂਬਾ ਸਰਕਾਰ ਦੀ ਹੋਵੇਗੀ।ਇਸ ਮੌਕੇ ਦਮਨਜੀਤ ਸਿੰਘ, ਮਨਦੀਪ ਕੋਟਲੀ, ਸਿਕੰਦਰ ਕੋਟਲੀ,ਨਵੀਨ ਬੋਹਾ,ਕੁਲਦੀਪ ਅੱ ਕਾ ਵਾ ਲੀ , ਅ ਮ ਰੀ ਕ ਬੋਹਾ,ਰਾਜ ਸਿੰਘ,ਨਵਜੋਸ਼ ਸਪੋਲੀਆ, ਸੰਦੀਪ ਧਰਮਪੁਰਾ, ਗੁਰਦੀਪ ਬਰਨਾਲਾ,ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਬਲਕਾਰ ਸਿੰਘ,ਰਾਜਿੰਦਰ ਸਿੰਘ ਐਚ ਟੀ,ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਮੱਘਰ ਸਿੰਘ, ਜਗਪਾਲ ਸਿੰਘ, ਅਰਵਿੰਦਰ ਸਿੰਘ, , ਅਮਨਦੀਪ ਕੌਰ, ਬੇਅੰਤ ਕੌਰ, ਅਮਰਪ੍ਰੀਤ ਕੌਰ,ਮਨਵੀਰ ਕੌਰ, ਗੁਰਜੀਤ ਮਾਨਸਾ,ਅਮਰਜੀਤ ਸਿੰਘ,ਸੁਖਵਿੰਦਰ ਗਾਮੀਵਾਲਾ, ਜਸਵਿੰਦਰ ਕਾਮਰੇਡ, , ਕੁਲਵਿੰਦਰ ਦਲੇਲਵਾਲਾ, ਬਲਜਿੰਦਰ ਦਲੇਲਵਾਲਾ, ਧਰਮ ਸਿੰਘ,ਆਦਿ ਅਧਿਆਪਕ ਆਗੂ ਹਾਜ਼ਰ ਸਨ|

# ਪੈਨਸ਼ਨਜ਼ ਯੂਨੀਅਨ ਪਾਵਰਕਾਮ ਐਂਡ ਟਰਾਂਸਕੋ ਲਹਿਰਾਗਾਗਾ ਨੇ ਸਾਥੀਆਂ ਦਾ ਜਨਮ ਦਿਨ ਮਨਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 10 ਜੂਨ INTERNATIONAL PAPER, 9463601616 hardipchumber57@gmail.com



ਲਹਿਰਾਗਾਗਾ,10 ਜੂਨ (ਜਗਸੀਰ ਲੌਂਗੋਵਾਲ)- ਅੱਜ ਪੈਨਸ਼ਨਜ਼ ਯੂਨੀਅਨ ਪਾਵਰਕਾਮ ਐਂਡ ਟਰਾਂਸਕੋ ਲਹਿਰਾਗਾਗਾ ਡਵੀਜ਼ਨ ਦੀ ਮੀਟਿੰਗ ਡਵੀਜ਼ਨ ਪ੍ਰਧਾਨ ਜਗਜੀਤ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਜਥੇਬੰਦੀ ਵੱਲੋਂ ਹਰ ਮਹੀਨੇ, ਜਿਸ ਸਾਥੀ ਦਾ ਜਨਮ ਦਿਨ ਹੁੰਦਾ ਹੈ ਉਸ ਸਾਥੀ ਨੂੰ ਜਨਮ ਦਿਨ ਤੇ ਵਿਸ਼ੇਸ਼ ਮੋਮੈਂਟੋ ਦੇ ਕਿ ਸਨਮਾਨਿਤ ਕੀਤਾ ਜਾਂਦਾ ਹੈ ਇਸ ਵਾਰ ਸਾਥੀ ਜਰਨੈਲ ਸਿੰਘ ਜੇਈ ਖੇਖਰ ਅਤੇ ਗੁਰਮੇਲ ਸਿੰਘ ਲਾਈਨਮੈਨ ਘੋੜੇਨਬ ਨੂੰ ਮੋਮੈਂਟ ਦੇ ਕਿ ਅਤੇ ਲੱਡੂਆਂ ਨਾਲ ਮੂੰਹ ਮਿੱਠਾ ਕਰਵਾ ਕੇ ਜਨਮ ਦਿਨ ਦੀ ਮੁਬਾਰਕਬਾਦ ਦਿਤੀ ਗਈ। ਜਥੇਬੰਦੀ ਦੇ ਆਗੂਆਂ ਵੱਲੋਂ ਇਹ ਉਪਰਾਲਾ ਇਸ ਮੰਤਵ ਲਈ ਕੀਤਾ ਗਿਆ ਹੈ ਕਿ ਅੱਜ ਕਲ੍ਹ ਬਜ਼ੁਰਗਾਂ ਦਾ ਅਪਣੇ ਘਰਾਂ ਵਿੱਚ ਮਾਣ ਸਨਮਾਨ ਘੱਟਦਾ ਜਾ ਰਿਹਾ ਹੈ, ਬੱਚੇ ਅਪਣੇ ਜਨਮ ਦਿਨ ਨੂੰ ਪਹਿਲ ਦਿੰਦੇ ਰਹਿੰਦੇ ਹਨ, ਬਜ਼ੁਰਗਾਂ ਨੂੰ ਘਰ ਵਿੱਚ ਕੋਈ ਨਹੀਂ ਪੁੱਛਦਾ, ਇਹ ਉਪਰਾਲਾ ਬਜ਼ੁਰਗਾਂ ਦੇ ਸਨਮਾਨ ਵਿੱਚ ਵਾਧਾ ਕਰਨ ਵਿੱਚ ਸਹਾਈ ਹੋਵੇਗਾ ਅਤੇ ਸਮਾਜ ਵਿੱਚ ਇੱਕ ਨਵੀਂ ਪਿਰਤ ਪਵੇਗੀ । ਮੀਟਿੰਗ ਵਿੱਚ ਜਥੇਬੰਦੀ ਵੱਲੋਂ ਸਾਥੀਆਂ ਦੇ ਕੰਮਾਂ ਸਬੰਧੀ ਵਿਚਾਰ ਚਰਚਾ ਕੀਤੀ ਗਈ ਅਤੇ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕੀਤਾ ਗਿਆ ਕਿ ਸਰਕਾਰ ਜਾਣ ਬੁੱਝ ਕੇ ਪੈਨਸ਼ਨਰਾਂ ਦੇ ਡੀ ਏ ਦਾ ਬਕਾਇਆ ਦੇਣ ਵਿੱਚ ਦੇਰੀ ਕਰ ਰਹੀ ਹੈ ਅਤੇ ਹੋਰ ਮਸਲਿਆਂ ਤੇ ਵੀ ਨਾਲ ਮਟੋਲ ਕਰ ਰਹੀ ਹੈ। ਜੇਕਰ ਸਰਕਾਰ ਨੇ ਮੰਗਾਂ ਸਬੰਧੀ ਕੋਈ ਠੋਸ ਕਾਰਵਾਈ ਨਾ ਕੀਤੀ ਤਾਂ ਲੁਧਿਆਣਾ ਵਿੱਚ ਜ਼ਿਮਨੀ ਚੋਣ ਵਿੱਚ ਸਰਕਾਰ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ ਕੀਤਾ ਜਾਵੇਗਾ। ਅੱਜ ਦੀ ਮੀਟਿੰਗ ਵਿੱਚ ਸਾਥੀ ਗੁਰਮੇਲ ਸਿੰਘ ਖਾਈ ਸਰਕਲ ਪ੍ਰਧਾਨ, ਮਨਜੀਤ ਕੁਮਾਰ ਜੇਈ ਸਰਕਲ ਸਕੱਤਰ,ਅਮਰੀਕ ਸਿੰਘ ਜੇਈ ਡਵੀਜ਼ਨ ਸਕੱਤਰ, ਜਰਨੈਲ ਸਿੰਘ ਜੇਈ ਖੇਖਰ, ਨਰੰਜਣ ਸਿੰਘ ਗਿਦੜਿਆਣੀ ਨੇ ਆਪਣੇ ਵਿਚਾਰ ਪੇਸ਼ ਕੀਤੇ, ਅਤੇ ਸਾਥੀ ਰਾਮਪਾਲ ਸਿੰਘ ਖਾਈ, ਗੁਰਮੇਲ ਸਿੰਘ ਲਮ ਘੋੜੇਨਬ, ਭਰਪੁਰ ਸਿੰਘ ਆਲਮਪੁਰ, ਕੇਵਲ ਦਾਸ ਲਮ, ਜਗਜੀਤ ਸਿੰਘ ਅੜਕਵਾਸ, ਬੇਅੰਤ ਸਿੰਘ ਲਹਿਰਾਂਗਾਗਾ, ਸੁਖਜਿੰਦਰ ਸਿੰਘ ਭੁਟਾਲ, ਅਤੇ ਹੋਰ ਸਾਥੀ ਹਾਜ਼ਰ ਸਨ। ਅਖੀਰ ਵਿੱਚ ਜਗਜੀਤ ਸਿੰਘ ਚਾਹਲ ਆਏ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਸੰਘਰਸ਼ਾਂ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਬੇਨਤੀ ਕੀਤੀ। ਮੀਟਿੰਗ ਦੀ ਕਾਰਵਾਈ ਅਮਰੀਕ ਸਿੰਘ ਜੇਈ ਸਕੱਤਰ ਨੇ ਨਿਭਾਈ।

# ਸੀਟੂ ਵਰਕਰਾਂ ਵੱਲੋਂ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਬਿਲਾਂ ਖਿਲਾਫ ਪੁਤਲਾ ਫੂਕ ਰੋਸ ਪ੍ਰਦਰਸ਼ਨ

## ਪੰਜਾਬ ਸਾਪਸ ਕਮਰਸ਼ੀਅਲ ਸਟੈਬਲਿਸ਼ਡ ਬਿਲ ਵਾਪਸ ਲੈਣ ਦੀ ਮੰਗ, ਮਜ਼ਦੂਰਾਂ ਦੇ ਹੱਕਾਂ 'ਤੇ ਵੱਡਾ ਹਮਲਾ: ਦਲਜੀਤ ਗੋਰਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 10 ਜੂਨ INTERNATIONAL PAPER, 9463601616 hardipchumber57@gmail.com



ਸੰਗਰੂਰ,10 ਜੂਨ (ਜਗਸੀਰ ਲੌਂਗੋਵਾਲ) - ਪੰਜਾਬ ਸਰਕਾਰ ਵੱਲੋਂ ਹਾਲ ਹੀ 'ਚ ਪਾਸ ਕੀਤੇ "ਪੰਜਾਬ ਸਾਪਸ ਕਮਰਸ਼ੀਅਲ ਸਟੈਬਲਿਸ਼ਡ ਬਿਲ" ਦੇ ਵਿਰੋਧ 'ਚ ਅੱਜ ਪਿੰਡ ਰਾਜੋਆਣਾ ਵਿਖੇ ਸੀਟੂ ਵਰਕਰਾਂ ਵੱਲੋਂ ਰੋਸ ਪ੍ਰਦਰਸ਼ਨ ਕਰਦਿਆਂ ਪੁਤਲਾ ਸਾੜਿਆ ਗਿਆ। ਮਜ਼ਦੂਰਾਂ ਨੇ ਪੰਜਾਬ ਸਰਕਾਰ ਉੱਤੇ ਮਜ਼ਦੂਰ ਵਿਰੋਧੀ ਕਾਨੂੰਨ ਲਾਗੂ ਕਰਨ ਦਾ ਦੋਸ਼ ਲਗਾਇਆ ਅਤੇ ਇਸ ਬਿਲ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ।

ਇਸ ਮੌਕੇ ਪੰਜਾਬ ਸੀਟੂ ਦੇ ਸੂਬਾ ਸਕੱਤਰ ਸਾਥੀ ਦਲਜੀਤ ਕੁਮਾਰ ਗੋਰਾ ਅਤੇ ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਪ੍ਰਿਤਪਾਲ ਸਿੰਘ ਬਿੱਟਾ ਨੇ ਕਿਹਾ ਕਿ ਇਹ ਬਿਲ ਮਜ਼ਦੂਰਾਂ ਦੇ ਲਹੂ-ਪਸੀਨੇ ਨਾਲ ਲਏ ਹੱਕਾਂ ਨੂੰ ਖੋਹਣ ਵਾਲਾ ਹੈ। ਉਨ੍ਹਾਂ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਇਸ ਕਾਨੂੰਨ ਦੇ ਲਾਗੂ ਹੋਣ ਨਾਲ ਮਾਲਕ ਅੱਠ ਘੰਟਿਆਂ ਦੀ ਥਾਂ 12 ਘੰਟੇ ਕੰਮ ਲੈਣਗੇ, ਪਰ ਓਵਰਟਾਈਮ ਨਹੀਂ ਦੇਣਗੇ। ਫੈਕਟਰੀ ਜਾਂ ਫਾਰਮ ਵਿੱਚ 20 ਜਾਂ ਵੱਧ ਮਜ਼ਦੂਰ ਹੋਣ ਦੇ ਬਾਵਜੂਦ ਵੀ ਉਹਨਾਂ ਨੂੰ ਕੋਈ ਕਾਨੂੰਨੀ ਸਹੂਲਤ, ਹਾਜ਼ਰੀ, ਭਵਿੱਖੀ ਫੰਡ ਜਾਂ ਦੁਰਘਟਨਾ ਸੁਰੱਖਿਆ ਨਹੀਂ ਮਿਲੇਗੀ।

ਸਾਥੀ ਗੋਰਾ ਨੇ ਇਨ੍ਹਾਂ ਨੀਤੀਆਂ ਨੂੰ ਮੋਦੀ ਸਰਕਾਰ ਦੀ ਕਾਰਪੋਰੇਟ ਭਾਈਵਾਦੀ ਸੋਚ ਦਾ ਨਤੀਜਾ ਦੱਸਿਆ ਅਤੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਭਗਤ ਸਿੰਘ ਦੀ ਵਿਚਾਰਧਾਰਾ ਦੇ ਉਲਟ ਫੈਸਲੇ ਲੈ ਕੇ ਆਪਣੀ ਅਸਲੀਅਤ ਸਾਬਤ ਕਰ ਦਿੱਤੀ ਹੈ।

ਇਸ ਮੌਕੇ ਨਰੇਗਾ ਮਜ਼ਦੂਰ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਡਾ. ਪ੍ਰਕਾਸ਼ ਸਿੰਘ ਬਾਰਵੀਂ ਨੇ ਵੀ ਕਿਹਾ ਕਿ ਮਨਰੇਗਾ ਮਜ਼ਦੂਰਾਂ ਤੋਂ 12 ਘੰਟੇ ਕੰਮ ਲੈਣਾ ਅਨੈਤਿਕ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਮਨਰੇਗਾ ਮਜ਼ਦੂਰਾਂ ਨੂੰ ਘੱਟੋ-ਘੱਟ ₹700 ਰੁਪਏ ਦਿਹਾੜੀ ਅਤੇ ਸਾਲ ਵਿੱਚ 200 ਦਿਨ ਕੰਮ ਦਿੱਤਾ ਜਾਵੇ।

ਅਖੀਰ 'ਚ ਸਾਥੀ ਗੋਰਾ ਨੇ ਐਲਾਨ ਕੀਤਾ ਕਿ ਇਹ ਮਜ਼ਦੂਰ ਵਿਰੋਧੀ ਕਾਨੂੰਨ ਦੇ ਖ਼ਿਲਾਫ਼ ਪਿੰਡਾਂ ਅਤੇ ਸ਼ਹਿਰਾਂ ਵਿੱਚ ਵਿਰੋਧ ਲਹਿਰ ਚਲਾਈ ਜਾਵੇਗੀ ਅਤੇ ਪੰਜਾਬ ਸਰਕਾਰ ਨੂੰ ਮਜਬੂਰ ਕਰਕੇ ਇਹ ਕਾਨੂੰਨ ਵਾਪਸ ਲੈਣ ਲਈ ਵਧ ਚੜ੍ਹ ਕੇ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਕਰਮਜੀਤ ਸਿੰਘ, ਕੇਵਲ ਸਿੰਘ ਮੁੱਲਾਪੁਰ, ਸੰਤੋਖ ਸਿੰਘ ਹਲਵਾਰਾ, ਗੁਰਪ੍ਰੀਤ ਸਿੰਘ ਟੂਸੇ, ਭਿੰਦਰ ਕੌਰ, ਜਸਮੇਰ ਕੌਰ, ਗੁਰਚਰਨ ਕੌਰ, ਅਮਰਜੀਤ ਕੌਰ, ਮਨਜੀਤ ਕੌਰ, ਪਰਮਜੀਤ ਕੌਰ, ਕੁਲਵੰਤ ਕੌਰ, ਸੁਖਵਿੰਦਰ ਕੌਰ, ਸਿੰਦਰ ਕੌਰ, ਕਮਲਜੀਤ ਕੌਰ ਅਤੇ ਮਹਿੰਦਰ ਕੌਰ ਹਾਜ਼ਰ ਸਨ।

# ਐਡਮਿੰਟਨ ਵਿਖੇ ਓਵਰਸੀਜ਼ (ਪ੍ਰਵਾਸੀ) ਟੀਚਰਜ਼ ਐਸੋਸੀਏਸ਼ਨ ਦੀ ਹੋਈ ਮੀਟਿੰਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 10 ਜੂਨ INTERNATIONAL PAPER, 9463601616 hardipchumber57@gmail.com



ਓਵਰਸੀਜ਼ (ਪ੍ਰਵਾਸੀ) ਟੀਚਰਜ਼ ਐਸੋਸੀਏਸ਼ਨ ਦੀ ਇਕ ਵਿਸ਼ੇਸ਼ ਇਕੱਤਰਤਾ ਐਡਮਿੰਟਨ ਪਬਲਿਕ ਲਾਇਬ੍ਰੇਰੀ ਸਟਰੀਟ 17 ਵਿਖੇ ਪ੍ਰਧਾਨ ਜਸਵੀਰ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਭੂਤਕਾਲ, ਭਵਿੱਖਮਈ ਅਤੇ ਵਰਤਮਾਨ ਕਾਰਜਾਂ ਦਾ ਲੇਖਾ ਜੋਖਾ ਕੀਤਾ ਗਿਆ। ਅਧਿਆਪਕ ਸਾਥੀਆਂ ਵਲੋਂ ਸਰਬ ਸੰਮਤੀ ਨਾਲ ਸਾਰੇ ਮਤਿਆਂ ਨੂੰ ਪ੍ਰਵਾਨ ਕੀਤਾ ਗਿਆ।

ਇਹ ਐਸੋਸੀਏਸ਼ਨ ਸਮਾਜ ਕਲਿਆਣ ਭਲਾਈ ਦੇ ਕਾਰਜਾਂ ਦੇ ਨਾਲ-ਨਾਲ ਸਾਹਿਤਕ ਸਰਗਰਮੀਆਂ ਖ਼ਾਸ ਕਰਕੇ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪ੍ਰਫੁਲਤਾ ਲਈ ਸਮੇਂ-ਸਮੇਂ ਅਨੁਸਾਰ ਅਪਣੇ ਸਫ਼ਲ ਯਤਨ ਕਰਦੀ ਰਹਿੰਦੀ ਹੈ। ਹਰ ਸਾਲ ਇੰਟਰਨੈਸ਼ਨਲ ਟੀਚਰ ਡੇ ਧਾਰਮਿਕ ਅਤੇ ਸਰਕਾਰੀ ਦਿਨ ਤਿਉਹਾਰ ਮਨਾਉਣਾ ਅਤੇ ਸਹਿਯੋਗ ਕਰਨਾ। ਕਿਸੇ ਖ਼ਾਸ ਸ਼ਖ਼ਸੀਅਤ ਨੂੰ ਜਿਸ ਨੇ ਸਮਾਜਿਕ, ਵਿਦਿਅਕ ਤੇ ਹੋਰ ਉਚ ਦਰਜ਼ੇ ਦੇ ਕੀਰਤੀਮਾਨ ਸਥਾਪਿਤ ਕੀਤੇ ਹੋਣ ਜਾਂ ਯੋਗਦਾਨ ਪਾਇਆ ਹੋਵੇ। ਉਨ੍ਹਾਂ ਨੂੰ ਵੀ ਸਨਮਾਨਿਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸਫਾਈ ਮੁਹਿੰਮ ਦਾ ਸਕੂਲਾਂ, ਕਾਲਿਜਾਂ ਹਸਪਤਾਲਾਂ, ਧਾਰਮਿਕ ਸਥਾਨਾਂ ਆਦਿ ਵਿਚ ਯੋਗਦਾਨ ਪਾਇਆ ਜਾਂਦਾ ਹੈ। ਗਰਮੀਆਂ ਦੀਆਂ ਛੁੱਟੀਆਂ ਵਿਚ ਵਿਸ਼ੇਸ਼ ਕਾਰਜ ਲੋੜ ਅਨੁਸਾਰ ਕੀਤੇ ਜਾਂਦੇ ਹਨ। ਖ਼ਾਸ ਕਰਕੇ ਬੱਚਿਆਂ ਤੇ ਹੋਰਨਾਂ ਦੇ ਕੈਂਪਸ ਦਾ ਆਯੋਜਨ ਕਰਨਾ, ਹੋਰ ਵਿਸ਼ਿਆਂ ਦੇ ਨਾਲ-ਨਾਲ ਪੰਜਾਬੀ ਭਾਸ਼ਾ ਸਿੱਖਣਾ-ਸਿਖਾਉਣਾ, ਗ਼ਰੀਬਾਂ ਲਈ ਅਨੁਦਾਨ ਦਾ ਪ੍ਰਬੰਧ ਕਰਨਾ। ਬੇਸਹਾਰਿਆਂ ਦੀ ਮਦਦ ਕਰਨਾ, ਸਿਹਤ ਸਹੂਲਤਾਂ ਸਬੰਧੀ ਯੋਗਦਾਨ, ਹੋਰ ਸੰਸਥਾਵਾਂ ਨਾਲ ਮਿਲ ਕੇ ਮਾਨਵਤਾਈ ਕਾਰਜ ਕਰਨੇ, ਸਮਾਜ ਅਤੇ ਸਮਾਜ ਸੇਵੀ ਕਾਰਜਾਂ ਵਿਚ ਭਾਗ ਲੈਣਾ ਅਤੇ ਸਹਿਯੋਗ ਦੇਣਾ। ਜ਼ਰੂਰਤ ਮੁਤਾਬਿਕ ਹੋਰ ਵੱਖ-ਵੱਖ ਪਹਿਲੂਆਂ ਦੇ ਸੰਦਰਭਾਂ ਵਿਚ ਕਾਰਜ਼ਸ਼ੀਲ ਰਹਿਣਾ। ਬੁਨਿਆਦੀ ਮਾਨਵ ਕਦਰਾਂ ਕੀਮਤਾਂ ਦੀ ਕਦਰ ਕਰਨਾ, ਸਮਾਜਿਕ ਨਿਆਂ ਭਾਵਨਾ, ਵਿਅਕਤੀਗਤ ਆਚਰਣ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਉਜਾਗਰ ਕਰਨਾ ਅਤੇ ਪ੍ਰੇਰਣਾ ਦੇ ਸ੍ਰੋਤੇ ਪੈਦਾ ਕਰਨਾ।

ਇਹ ਐਸੋਸੀਏਸ਼ਨ ਹੁਣ ਤਕ ਬਲਦੇਵ ਸਿੰਘ ਪਾਰਟਨਰ ਪ੍ਰਿੰਸੀਪਲ ਮੈਰਿਜ ਕਮਿਸ਼ਨਰ ਅਤੇ ਉਬ ਕਮਿਸ਼ਨਰ, ਪਾਲ ਪੁਰੇਵਾਲ ਨਾਨਕ ਸ਼ਾਹੀ ਕੈਲੰਡਰ ਨੇ ਰਚੇਤਾ, ਨਰੇਸ਼ ਭਾਰਦਵਾਜ ਅਧਿਆਪਕ, ਵਰਿੰਦਰ ਸਿੰਘ ਆਨੰਦ ਅਧਿਆਪਕ, ਹਰਚੰਦ ਸਿੰਘ ਗਰੇਵਾਲ ਅਧਿਆਪਕ ਅਤੇ ਸਮਾਜ ਭਲਾਈ ਕਰਤਾ ਨੂੰ ਸਨਮਾਨਿ ਕੀਤਾ ਜਾ ਚੁਕਿਆ ਹੈ।

ਅੱਜ ਦੀ ਇਸ ਸਭਾ ਵਿਚ ਜਿਨ੍ਹਾਂ ਅਧਿਆਪਕਾਂ, ਕਵੀਆਂ, ਲੇਖਕਾਂ, ਬੁੱਧੀਜੀਵੀਆਂ ਨੇ ਸਿਰਕਤ ਕੀਤਾ ਉਨ੍ਹਾਂ ਦੇ ਨਾਮ ਜਸਵੀਰ ਸਿੰਘ ਗਿੱਲ ਪ੍ਰਧਾਨ, ਰਸਾਲ ਸਿੰਘ ਮੱਲ੍ਹੀ ਸੀਨੀਅਰ ਵਾਈਸ ਪ੍ਰੈਜ਼ੀਡੈਂਟ, ਸੁਰਜੀਤ ਕੌਰ ਧਾਲੀਵਾਲ ਵਾਈਸ ਪ੍ਰੈਜ਼ੀਡੈਂਟ, ਰਣਜੀਤ ਸਿੰਘ ਸੰਧੂ ਸਕੱਤਰ, ਅਮਰਜੀਤ ਸਿੰਘ ਸੰਧੂ ਸਹਾਇਕ ਸਕੱਤਰ, ਸੁਖਦੇਵ ਸਿੰਘ ਬੈਨੀਪਾਲ ਖ਼ਜ਼ਾਨਚੀ, ਦਰਸ਼ਨ ਸਿੰਘ ਜੱਸਣ, ਸੁਖਰਾਜ ਸਿੰਘ ਸਰਕਾਰੀਆ, ਦਲਬੀਰ ਸਿੰਘ ਰਿਆੜ ਕਵੀ, ਸੰਨੀ ਧਾਲੀਵਾਲ ਕਵੀ, ਲੇਖਕ, ਕਹਾਣੀਕਾਰ, ਹਰਬੰਸ ਸਿੰਘ ਬੱਗੜ, ਸੰਤੋਖ ਸਿੰਘ ਸ਼ੇਖੋਂ, ਹਰਚੰਦ ਸਿੰਘ ਬਿੰਦ, ਕੁਲਬੀਰ ਸਿੰਘ ਢਿੱਲੋਂ ,ਡਾ. ਗੁਰਦਿਆਲ ਸਿੰਘ, ਬੀਬੀ ਜਰਨੈਲ ਕੌਰ ਧਾਲੀਵਾਲ, ਗੁਰਮੇਲ ਸਿੰਘ ਧਾਲੀਵਾਲ, ਸਭਾ ਦੇ ਪ੍ਰਧਾਨ ਨੇ ਕਿਹਾ ਕਿ ਭਵਿੱਖ ਵਿਚ ਚੇਤਨਾ ਦੇ ਹੋਰ ਖੇਤਰਾਂ ਵਿਚ ਹਰ ਇਕ ਰੰਗਤ ਨੂੰ ਫੜਣ ਵਿਚ ਸਮਰੱਥ ਇਕ ਅਤਿਅੰਤ ਲਾਯਾਤਮਿਕ ਅਤੇ ਸੂਖਮ ਵਿਧੀ ਵਿਧਾਨ ਦਾ ਵੀ ਨਿਰਮਾਣ ਕੀਤਾ ਜਾਵੇਗਾ ਮਾਤਰ ਭੂਮੀ ਅਤੇ ਪ੍ਰਵਾਸ ਭੂਮੀ ਦੀ ਪ੍ਰਾਣ ਪ੍ਰਤਿਸ਼ਠਤਾ ਦਾ ਮੋਹ ਸੰਵੇਦਨਸ਼ੀਲਤਾ ਨਾਲ ਬਣਾਏ ਰੱਖਣ ਦਾ ਪ੍ਰਣ ਅਤੇ ਦਰਪੇਸ਼ ਮੁਸ਼ਕਿਲਾਂ ਦੇ ਸੁਝਾਅ ਵੀ ਰੱਖੇ ਜਾਣਗੇ। ਭਵਿੱਖ ਵਿਚ ਹੋਰ ਕਈ ਪ੍ਰਯੋਜਕ ਹਨ।

ਬਲਵਿੰਦਰ ਬਾਲਮ ਗੁਰਦਾਸਪੁਰ

ਐਡਮਿੰਟਨ 98156-25409

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 10 ਜੂਨ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਵਿਧਾਨ ਸਭਾਵਾਂ ਲਈ ਢੁਕਵੇਂ ਪ੍ਰਤੀਨਿਧੀਆਂ ਦੀ ਚੋਣ ਕਰੋ

ਰਤਨਾਗਿਰੀ ਜ਼ਿਲ੍ਹਾ ਕਿਸਾਨ ਸੰਮੇਲਨ 14 ਅਪ੍ਰੈਲ, 1929 ਨੂੰ ਚਿਪਲੂਨ ਵਿਖੇ ਹੋਇਆ ਸੀ। ਬੰਬਈ ਤੋਂ ਆਏ ਮਹਿਮਾਨ ਦੇਵਰਾਓ ਨਾਇਕ, ਡੀ.ਵੀ. ਪ੍ਰਧਾਨ, ਬੀ.ਆਰ. ਕਾਦਰੇਕਰ, ਸ਼ੰਕਰਰਾਓ ਗੁਪਤੇ, ਸ਼ੰਕਰ ਵਾਡਵਾਲਕਰ, ਸ਼ਿਵਤਾਰਕਰ, ਬਾਬਾ ਅਦਾਰੇਕਰ, ਗਾਇਕਵਾੜ, ਮੋਰੇ ਆਦਿ ਸਨ ਅਤੇ ਚਿਪਲੂਨ ਦੇ ਉੱਘੇ ਲੋਕ ਵਿਨਾਇਕ ਰਾਓ ਬਰਵੇ,



ਸਾਠੇ, ਰਾਜਾਧਿਆਕਸ਼, ਖਾਨਸਾਹਿਬ ਦੇਸਾਈ, ਬੇਂਡਕੇ, ਸ਼ਿਵਰਾਮ ਜਾਧਵ ਸ਼ਾਮਲ ਸਨ। ਡਾ. ਬੀ.ਆਰ. ਅੰਬੇਡਕਰ ਨੇ ਸੰਮੇਲਨ ਦੀ ਪ੍ਰਧਾਨਗੀ ਕੀਤੀ।

ਡਾ. ਅੰਬੇਡਕਰ ਨੇ ਆਪਣਾ ਭਾਸ਼ਣ ਦਿੰਦੇ ਹੋਏ ਲੋਕਾਂ ਨੂੰ ਕਿਹਾ-

"ਉਹ ਹੁਣ ਯਕੀਨ ਕਰ ਚੁੱਕੇ ਹਨ ਕਿ ਉਨ੍ਹਾਂ ਦਾ ਜੀਵਨ ਦਲਿਤਾਂ ਦੀ ਭਲਾਈ ਲਈ ਹੈ।" ਉਨ੍ਹਾਂ ਕਿਹਾ ਕਿ ਉਹ ਇੱਕ ਗਰੀਬ ਪਰਿਵਾਰ ਨਾਲ ਸਬੰਧਤ ਸਨ ਅਤੇ ਉਹ ਬੰਬਈ ਸੁਧਾਰ ਟਰੱਸਟ ਦੁਆਰਾ ਬਣਾਏ ਗਏ ਇੱਕ ਕਮਰੇ ਵਿੱਚ ਗਰੀਬਾਂ ਵਿੱਚ ਰਹਿੰਦੇ ਸਨ। ਡਾ. ਅੰਬੇਡਕਰ ਨੇ ਅੱਗੇ ਕਿਹਾ, "ਮੈਂ ਤੁਹਾਡੇ ਦੁੱਖਾਂ ਨੂੰ ਜਾਣਦਾ ਹਾਂ। ਇਹ ਖੋਤੀ ਪ੍ਰਣਾਲੀ ਤੁਹਾਡਾ ਖ਼ੂਨ ਚੂਸ ਰਹੀ ਹੈ। ਇਹ ਪ੍ਰਣਾਲੀ, ਜਿਸ ਵਿੱਚ ਕਿਸਾਨ ਨੂੰ ਸੀਮਤ ਸਮੇਂ ਲਈ ਜ਼ਮੀਨ ਕਿਰਾਏ 'ਤੇ ਲੈਣ ਦਾ ਅਧਿਕਾਰ ਮਿਲਦਾ ਹੈ, ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਇਸਦਾ ਖਾਤਮਾ ਤੁਹਾਨੂੰ ਸ਼ਾਂਤੀ ਅਤੇ ਤਰੱਕੀ ਲਿਆਏਗਾ। ਤੁਹਾਨੂੰ ਆਪਣੀ ਅੰਤਿਮ ਮੰਜ਼ਿਲ ਤੱਕ ਪਹੁੰਚਣ ਲਈ ਅੰਦੋਲਨ ਜਾਰੀ ਰੱਖਣਾ ਹੋਵੇਗਾ। ਆਉਣ ਵਾਲੇ ਚਾਰ ਜਾਂ ਪੰਜ ਸਾਲਾਂ ਵਿੱਚ ਅਸੀਂ ਆਪਣੀ ਕਿਸਮਤ ਅਤੇ ਭਵਿੱਖ ਬਾਰੇ ਫੈਸਲੇ ਲੈਣ ਦੇ ਪੂਰੀ ਤਰ੍ਹਾਂ ਯੋਗ ਹੋਵਾਂਗੇ। ਉਸ ਸਮੇਂ ਤੁਹਾਨੂੰ ਸਾਰਿਆਂ ਨੂੰ ਵਿਸ਼ੇਸ਼ ਧਿਆਨ ਰੱਖਣਾ ਹੋਵੇਗਾ ਕਿ ਤੁਸੀਂ ਪੂਰੀ ਸਮਝ ਨਾਲ ਆਪਣੇ ਪ੍ਰਤੀਨਿਧੀਆਂ ਦੀ ਚੋਣ ਕਰੋ ਅਤੇ ਅਜਿਹੇ ਪ੍ਰਤੀਨਿਧੀਆਂ ਨੂੰ ਵਿਧਾਨ ਸਭਾਵਾਂ ਵਿੱਚ ਭੇਜੋ ਜੋ ਪੂਰੀ ਸ਼ਰਧਾ ਅਤੇ ਵਫ਼ਾਦਾਰੀ ਨਾਲ ਖੋਤੀ ਪ੍ਰਣਾਲੀ ਨੂੰ ਖਤਮ ਕਰਨ ਦੇ ਸੰਘਰਸ਼ ਲਈ ਸਮਰਪਿਤ ਹਨ।"

## ਇੱਕ ਦੇਸ਼, ਇੱਕ ਸੰਵਿਧਾਨ ਅਤੇ ਇੱਕ ਕਿਸਮਤ ਦੀ ਭਾਵਨਾ ਨਾਲ ਜੁੜੇ ਲੋਕ ਸੁਤੰਤਰ ਹੋਣ ਦਾ ਜੋਖਮ ਲੈਂਦੇ ਹਨ

ਸਾਈਮਨ ਕਮਿਸ਼ਨ ਦੀ ਰਿਪੋਰਟ 'ਤੇ ਪ੍ਰਤੀਕਿਰਿਆ ਕਰਨ ਲਈ, ਯੋਜਨਾਬੱਧ ਤਰੀਕੇ ਨਾਲ ਅਛੂਤਾਂ ਦੇ ਭਵਿੱਖ ਲਈ ਰਾਜਨੀਤਿਕ ਅਧਿਕਾਰਾਂ ਦੀ ਜਾਂਚ ਅਤੇ ਫੈਸਲਾ ਲੈਣਾ ਬਹੁਤ ਜ਼ਰੂਰੀ ਸੀ। ਇਸ ਤੋਂ ਇਲਾਵਾ, ਲੰਡਨ ਵਿੱਚ ਹੋਣ ਵਾਲੀ ਗੋਲਮੇਜ਼ ਕਾਨਫਰੰਸ ਲਈ ਅਛੂਤਾਂ ਦੇ ਪ੍ਰਤੀਨਿਧੀਆਂ ਦੀਆਂ ਨਾਮਜ਼ਦਗੀਆਂ ਕੀਤੀਆਂ ਜਾਣੀਆਂ ਸਨ ਜਿੱਥੇ ਭਵਿੱਖ ਦੇ ਭਾਰਤੀ ਸੰਵਿਧਾਨ ਦੀ ਰੂਪਰੇਖਾ 'ਤੇ ਚਰਚਾ ਕੀਤੀ ਜਾਣੀ ਸੀ।

ਭਾਰਤ ਦੇ ਭਵਿੱਖ ਦਾ ਫੈਸਲਾ ਕਰਦੇ ਸਮੇਂ ਇਹ ਬਹੁਤ ਜ਼ਰੂਰੀ ਸੀ ਕਿ ਸੱਤ ਕਰੋੜ ਅਛੂਤਾਂ ਦੇ ਰਾਜਨੀਤਿਕ ਅਧਿਕਾਰਾਂ ਦੀ ਰੱਖਿਆ ਲਈ ਢੁਕਵੀਂ ਪ੍ਰਤੀਨਿਧਤਾ ਹੋਵੇ। ਇਸ ਲਈ ਇੱਕ ਰਾਸ਼ਟਰੀ ਪੱਧਰ ਦੀ ਕਾਨਫਰੰਸ ਬੁਲਾਈ ਜਾਣੀ ਸੀ ਅਤੇ ਇਹ ਕਾਨਫਰੰਸ ਨਾਗਪੁਰ ਵਿੱਚ ਹੋਈ। ਇਸ ਇਤਿਹਾਸਕ ਘਟਨਾ ਦਾ ਸਿਹਰਾ ਨਾਗਪੁਰ ਦੇ ਲੋਕਾਂ ਨੂੰ ਜਾਂਦਾ ਹੈ।

ਸਥਾਨਕ ਅਛੂਤ ਨੇਤਾ ਖਾਸ ਕਰਕੇ ਦਸ਼ਰਥ ਲਕਸ਼ਮਣ ਪਾਟਿਲ ਅਤੇ ਲਕਸ਼ਮਣ ਰਾਓ ਓਗਾਲੇ ਵਿਧਾਇਕ ਡਾ. ਬੀ. ਆਰ. ਅੰਬੇਡਕਰ ਨਾਲ ਇਸ ਮਾਮਲੇ 'ਤੇ ਚਰਚਾ ਕਰਨ ਲਈ ਬੰਬਈ ਗਏ ਸਨ। ਦੋਵਾਂ ਨੇ ਡਾ. ਅੰਬੇਡਕਰ ਦੀ ਪ੍ਰਧਾਨਗੀ ਹੇਠ ਨਾਗਪੁਰ ਵਿੱਚ ਅਖਿਲ ਭਾਰਤੀ ਦਲਿਤ ਵਰਗ ਮਹਾਂ ਸੰਮੇਲਨ ਕਰਵਾਉਣ ਦੀ ਇੱਛਾ ਪ੍ਰਗਟਾਈ। ਡਾ. ਅੰਬੇਡਕਰ ਇਸ ਲਈ ਸਹਿਮਤ ਹੋਏ ਅਤੇ 8 ਅਤੇ 9 ਅਗਸਤ, 1930 ਨੂੰ ਕਾਨਫਰੰਸ ਲਈ ਸਹਿਮਤੀ ਹੋਈ। ਸਵਾਗਤ ਕਮੇਟੀ ਦੀ ਅਗਵਾਈ ਸ਼੍ਰੀ ਟੀ.ਸੀ. ਸਖਾਰੇ, ਚੇਅਰਮੈਨ, ਸ਼੍ਰੀ ਦਸ਼ਰਥ ਲਕਸ਼ਮਣ ਪਾਟਿਲ, ਬੇਲਾ ਉਪ-ਚੇਅਰਮੈਨ, ਸ਼੍ਰੀ ਵਿਸ਼ਰਾਮਜੀ ਸਵਯਥੂਲ ਖਜ਼ਾਨਚੀ, ਸ਼੍ਰੀ ਐਲ.ਕੇ. ਓਗਾਲੇ, ਵਿਧਾਇਕ ਅਮਰਾਵਤੀ, ਸ਼੍ਰੀ ਹਰਦਾਸ ਐਲ.ਐਨ. ਕੰਪਤੀ, ਸ਼੍ਰੀ ਪੀ.ਕੇ. ਭਟਕਰ, ਅਮਰਾਵਤੀ ਕਰ ਰਹੇ ਸਨ; ਸ਼੍ਰੀ ਸ਼ਿਆਮ ਰਾਓ ਜੀ ਰਹਿਤੇ, ਵਡਗਾਓਂ, ਸ਼੍ਰੀ ਐੱਚ. ਟੀ. ਬਿਹਾੜੇ ਮਾਤੰਗ ਭਾਈਚਾਰੇ ਦੇ ਨੇਤਾ ਨਾਗਪੁਰ ਨੂੰ ਸਕੱਤਰਾਂ ਦੇ ਅਹੁਦਿਆਂ ਨਾਲ ਗਠਿਤ ਕੀਤਾ ਗਿਆ ਸੀ।

ਕਾਨਫਰੰਸ ਸਕੱਤਰ ਸ਼੍ਰੀ ਹਰਦਾਸ ਐਲ.ਐਨ. ਨੇ ਸ਼੍ਰੀ ਸ਼ਿਵਰਾਮ ਜਨਬਾ ਕਾਂਬਲੇ ਪੁਣੇ ਨੂੰ ਨਾਗਪੁਰ ਵਿੱਚ ਪ੍ਰਸਤਾਵਿਤ ਆਲ ਇੰਡੀਆ ਕਾਨਫਰੰਸ ਵਿੱਚ ਬੁਲਾਏ ਗਏ ਵਿਸ਼ੇਸ਼ ਮਹਿਮਾਨਾਂ ਦੇ ਨਾਮ ਅਤੇ ਚੇਅਰਮੈਨ ਦੇ ਨਾਮ ਦੀ ਜਾਣਕਾਰੀ ਦੇਣ ਦੀ ਬੇਨਤੀ ਕੀਤੀ। ਇਹ ਪੱਤਰ ਇਸ ਪ੍ਰਕਾਰ ਸੀ:

### ਆਲ ਇੰਡੀਆ ਡਿਪ੍ਰੈਸਡ ਕਲਾਸਿਜ਼ ਕਾਂਗਰਸ

ਦਫ਼ਤਰ: ਵਿਸ਼ਰਾਮ ਹਾਲ, ਲਕੜਗੰਜ ਸਰਕਲ 15/10
ਨਾਗਪੁਰ ਸ਼ਹਿਰ 1 ਫਰਵਰੀ, 1930

ਰਿਸੈਪਸ਼ਨ ਕਮੇਟੀ ਚੇਅਰਮੈਨ: ਕੇ. ਜੀ. ਨੰਦਗਵਾਲੀ
ਵਾਈਸ-ਚੇਅਰਮੈਨ: ਡੀ. ਐਲ. ਪਾਟਿਲ
ਖਜ਼ਾਨਚੀ: ਵੀ. ਐਸ. ਸਵਾਯਥੂਲ
ਸਕੱਤਰ: ਐਲ. ਕੇ. ਓਗਲੇ, ਐਮ.ਐਲ.ਏ., ਐਲ. ਐਨ. ਹਰਦਾਸ

ਨੂੰ,
ਸ਼੍ਰੀ ਐਸ. ਜੇ. ਕਾਂਬਲੇ* ਸਕੱਤਰ,
ਪੂਨਾ

ਪਿਆਰੇ ਸ਼੍ਰੀਮਾਨ ਜੀ,

ਤੁਸੀਂ ਜਾਣਦੇ ਹੋ ਕਿ ਭਵਿੱਖ ਦੇ ਰਾਜਨੀਤਿਕ ਭਾਰਤੀ ਸੰਵਿਧਾਨ ਦੇ ਵਿਸ਼ੇ 'ਤੇ ਲੰਡਨ ਵਿੱਚ ਅਗਲੀ ਪਤਝੜ ਵਿੱਚ ਹੋਣ ਵਾਲੀ ਗੋਲਮੇਜ਼ ਕਾਨਫਰੰਸ ਆਯੋਜਿਤ ਕਰਨ ਦਾ ਪ੍ਰਸਤਾਵ ਹੈ। ਮੈਨੂੰ ਤੁਹਾਡੀ ਸਹਿਮਤੀ 'ਤੇ ਪੂਰਾ ਭਰੋਸਾ ਹੈ ਕਿ ਡਿਪ੍ਰੈਸਡ ਕਲਾਸਿਜ਼ ਨੂੰ ਇਸ ਨਾਜ਼ੁਕ ਪਲ 'ਤੇ ਆਪਣਾ ਦਾਅਵਾ ਪੇਸ਼ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਸਾਰੀਆਂ ਸ਼ਕਤੀਆਂ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਜੋ ਭਵਿੱਖ ਦੇ ਭਾਰਤੀ ਸੰਵਿਧਾਨ ਨੂੰ ਪ੍ਰਭਾਵਿਤ ਕਰਨ ਅਤੇ ਫੈਸਲਾ ਲੈਣ ਦੇ ਸਮਰੱਥ ਹਨ ਕਿ ਅਛੂਤਾਂ ਨੂੰ ਉਨ੍ਹਾਂ ਦੀ ਸੁਰੱਖਿਆ ਅਤੇ ਬਚਾਅ ਲਈ ਕਿਹੜੇ ਨਾਗਰਿਕ ਅਧਿਕਾਰ ਦਿੱਤੇ ਜਾ ਸਕਦੇ ਹਨ। ਅਜਿਹੇ ਮਹੱਤਵਪੂਰਨ ਮੁੱਦੇ 'ਤੇ ਚਰਚਾ ਕਰਨ ਲਈ ਸਾਡੇ ਲੋਕਾਂ ਦਾ ਧਿਆਨ ਖਿੱਚਣ ਦੀ ਤੁਰੰਤ ਲੋੜ ਹੈ। ਦੇਸ਼ ਦੇ ਸਾਰੇ ਰਾਜਾਂ ਤੋਂ ਲੋਕਾਂ ਦੀ ਪ੍ਰਤੀਨਿਧਤਾ ਇਕੱਠੀ ਕਰਨ ਲਈ, ਤਾਂ ਜੋ ਹਰ ਕਿਸੇ ਦੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਸੁਣਿਆ ਅਤੇ ਸਮਝਿਆ ਜਾ ਸਕੇ, ਅਸੀਂ ਡਾ. ਬੀ.ਆਰ. ਅੰਬੇਡਕਰ, ਐਮ.ਏ., ਪੀ.ਐਚ.ਡੀ., ਡੀ.ਐਸ.ਸੀ., ਬਾਰ-ਆਊਟ-ਲਾਅ, ਐਮ.ਐਲ.ਏ. ਬੰਬਈ ਦੀ ਸਹਿਮਤੀ ਨਾਲ "ਸਾਈਮਨ ਕਮਿਸ਼ਨ" ਦੀ ਰਿਪੋਰਟ ਦੇ ਪ੍ਰਕਾਸ਼ਨ ਤੋਂ ਤੁਰੰਤ ਬਾਅਦ ਕਿਸੇ ਵੀ ਸਮੇਂ ਆਲ ਇੰਡੀਆ ਦਲਿਤ ਕਲਾਸ ਕਾਂਗਰਸ ਕਾਨਫਰੰਸ ਕਰਨ ਦਾ ਫੈਸਲਾ ਕੀਤਾ ਹੈ ਅਤੇ ਤੁਹਾਡੀ ਪ੍ਰਵਾਨਗੀ ਦੀ ਉਮੀਦ ਵਿੱਚ ਇੱਕ ਸਵਾਗਤ ਕਮੇਟੀ ਦਾ ਗਠਨ ਕੀਤਾ ਹੈ।

* ਕਿਰਪਾ ਕਰਕੇ 15 ਫਰਵਰੀ ਤੋਂ ਪਹਿਲਾਂ ਸਾਨੂੰ ਪਹਿਲਾਂ ਹੀ ਸੂਚਿਤ ਕਰੋ ਅਤੇ ਇਸ ਕਾਂਗਰਸ ਦਾ ਆਯੋਜਨ ਕਰਨਾ ਕਿੱਥੋਂ ਤੱਕ ਤਰਕਸੰਗਤ ਹੈ, ਇਸ ਬਾਰੇ ਆਪਣੇ ਵਿਚਾਰ ਦੱਸੋ ਅਤੇ ਇਸਦੀ

"ਇਕੁਐਲਿਟੀ ਐਂਡ ਜਸਟਿਸ"
"Equality and Justice" ਸ੍ਵਤੰਤ੍ਰਤਾ, ਸਮਾਨਤਾ, ਭਾਈਚਾਰਾ
Rs- 100/month

ਪ੍ਰਧਾਨਗੀ ਲਈ ਇੱਕ ਨਾਮ ਪ੍ਰਸਤਾਵਿਤ ਕਰਕੇ ਸਾਨੂੰ ਦਿਸ਼ਾ ਦੇਵੋ।

ਤੁਹਾਡਾ ਧੰਨਵਾਦ,
ਤੁਹਾਡਾ ਸ਼ੁਭਚਿੰਤਕ
ਹਰਦਾਸ ਐਲ.ਐਨ.', ਸਕੱਤਰ, ਏ.ਆਈ.ਡੀ.ਸੀ.ਸੀ., ਨਾਗਪੁਰ

### ਸ਼੍ਰੀ ਸ਼ਿਵਰਾਮ ਜਨਬਾ ਕਾਂਬਲੇ ਨੂੰ ਜਵਾਬ:

ਕਾਮਾਤੀਪੁਰਾ, 5ਵੀਂ ਸਟਰੀਟ,
ਕੈਂਪ ਪੂਨਾ,
ਫਰਵਰੀ, 1930
ਨੂੰ
ਆਲ ਇੰਡੀਆ ਡਿਪ੍ਰੈਸਡ ਕਲਾਸਿਜ਼ ਕਾਂਗਰਸ,
ਨਾਗਪੁਰ,
ਸਰ,

ਮੈਨੂੰ ਤੁਹਾਡਾ 1 ਫਰਵਰੀ, 1930 ਦਾ ਲਿਖਿਆ ਹੋਇਆ ਪੱਤਰ ਮਿਲਿਆ ਹੈ। ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਤੁਸੀਂ ਬਹੁਤ ਜਲਦੀ ਨਾਗਪੁਰ ਵਿੱਚ ਆਲ ਇੰਡੀਆ ਡਿਪ੍ਰੈਸਡ ਕਲਾਸਿਜ਼ ਕਾਂਗਰਸ ਕਾਨਫਰੰਸ ਦਾ ਆਯੋਜਨ ਕਰ ਰਹੇ ਹੋ।

ਮੈਂ ਪ੍ਰਸਤਾਵਿਤ ਕਾਂਗਰਸ ਦੀ ਪ੍ਰਧਾਨਗੀ ਲਈ ਡਾ. ਅੰਬੇਡਕਰ ਦਾ ਨਾਮ ਪ੍ਰਸਤਾਵਿਤ ਕਰਦਾ ਹਾਂ। ਅਤੇ ਉਨ੍ਹਾਂ ਨੂੰ ਲੰਡਨ ਵਿੱਚ ਗੋਲਮੇਜ਼ ਕਾਨਫਰੰਸ ਵਿੱਚ ਦਲਿਤ ਵਰਗਾਂ ਦੇ ਪ੍ਰਤੀਨਿਧੀ ਦੀ ਭੂਮਿਕਾ ਨਿਭਾਉਣ ਲਈ ਭੇਜਿਆ ਜਾਣਾ ਚਾਹੀਦਾ ਹੈ।

ਮੈਂ ਦਿਲੋਂ ਕਾਮਨਾ ਕਰਦਾ ਹਾਂ ਕਿ ਸਾਡੇ 6 ਕਰੋੜ ਭਰਾਵਾਂ ਦੇ ਉੱਥਾਨ ਲਈ ਕੀਤੇ ਜਾ ਰਹੇ ਯਤਨ ਫਲਦਾਇਕ ਹੋਣ।

ਤੁਹਾਡਾ ਦਿਲੋਂ,
ਸ਼ਿਵਰਾਮ ਜਨਬਾ ਕਾਂਬਲੇ
ਪੀ.ਕੇ. ਭਟਕਰ, ਐਚ.ਡੀ. ਬੇਹਾੜੇ

**ਸ਼ਿਵਰਾਮ ਜਨਬਾ ਕਾਂਬਲੇ ਪੂਨਾ ਦੇ ਅਛੂਤਾਂ ਦੇ ਇੱਕ ਬੇਮਿਸਾਲ ਨੇਤਾ ਹਨ ਜਿਨ੍ਹਾਂ ਨੇ ਭਾਰਤੀ ਅਛੂਤਾਂ ਦੇ ਪਹਿਲੇ ਸੈਸ਼ਨ ਦਾ ਆਯੋਜਨ ਕੀਤਾ ਸੀ। ਅੰਬੇਡਕਰ ਤੋਂ ਪਹਿਲਾਂ ਦੇ ਯੁੱਗ ਦੇ ਨੇਤਾ, "ਸੋਮਵੰਸ਼ੀ ਮਿੱਤਰ ਪੂਨਾ" ਦੇ ਸੰਪਾਦਕ ਸਨ ਅਤੇ ਉਨ੍ਹਾਂ ਨੇ 1910 ਵਿੱਚ ਬ੍ਰਿਟਿਸ਼ ਸਰਕਾਰ ਨੂੰ ਅਛੂਤਾਂ ਨੂੰ ਉਨ੍ਹਾਂ ਦੇ ਉੱਨਤੀ ਬਾਰੇ ਸੁਚੇਤ ਕਰਨ ਲਈ ਇੱਕ ਮੰਗ ਪੱਤਰ ਭੇਜਿਆ ਸੀ।**

ਕਨਵੈਨਸ਼ਨ ਦੇ ਸਕੱਤਰ ਸ਼੍ਰੀ ਹਰਦਾਸ ਐਲ.ਐਨ. ਨੇ ਇਸ ਕਨਵੈਨਸ਼ਨ ਸੰਬੰਧੀ ਇੱਕ ਸਰਕੂਲਰ ਜਾਰੀ ਕੀਤਾ। ਇਹ ਸਰਕੂਲਰ ਹੇਠਾਂ ਦਿੱਤਾ ਗਿਆ ਹੈ। (ਬਾਕੀ ਦਾ ਭਾਗ ਕੱਲ੍ਹ)

# ਸਤਿਗੁਰ ਕਬੀਰ ਸਾਹਿਬ ਜੀ ਦਾ ਆਗਮਨ ਪੁਰਬ ਮਨਾਇਆ ਪਿੰਡ ਸੱਜਣਾਂ ਵਿਖੇ ਮਨਾਇਆ ਜਾ ਰਿਹਾ ਹੈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 10 ਜੂਨ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ (ਚਰਨਜੀਤ ਸੱਲ੍ਹਾਂ ) ਧੰਨ ਧੰਨ ਸਤਿਗੁਰ ਕਬੀਰ ਸਾਹਿਬ ਮਹਾਰਾਜ ਜੀ ਦਾ ਆਗਮਨ ਪੁਰਬ ਪਿੰਡ ਸੱਜਣਾਂ ਵਿਖੇ ਮਨਾਇਆ ਜਾਵੇਗਾ ਜਿਹੜਾ ਕਿ 11 ਜੂਨ ਦਿਨ ਬੁੱਧਵਾਰ ਨੂੰ ਸਵੇਰੇ 10 ਵਜੇ ਤੋਂ 12 ਵਜੇ ਤੱਕ ਬਹੁਤ ਹੀ ਸ਼ਰਧਾਪੂਰਵਕ ਮਨਾਇਆ ਜਾ ਰਿਹਾ ਹੈ ਸਮੂਹ ਸੰਗਤਾਂ ਅਤੇ ਬੀ ਐੱਸ ਪੀ ਦੀ ਸਮੁੱਚੀ ਲੀਡਰਸ਼ਿਪ ਅਤੇ ਵਰਕਰ ਸਹਿਬਾਨਾਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕਰਦੇ ਹਾਂ ਵੱਲੋਂ ਜਗਮੋਹਨ ਸਿੰਘ ਸੱਜਣਾਂ ਜ਼ਿਲ੍ਹਾ ਕਨਵੀਨਰ ਬੀ ਵੀ ਐਫ਼ ਹੁਸ਼ਿਆਰਪੁਰ।




# ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਨਵਾਂ ਸ਼ਹਿਰ ਵਲੋਂ "ਵਰਕਰ ਸਨਮਾਨ ਸੰਮੇਲਨ" 15 ਜੂਨ ਦਿਨ ਐਤਵਾਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 10 ਜੂਨ
INTERNATIONAL PAPER, 94636 01616
hardipchumber57@gmail.com

ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਨਵਾਂ ਸ਼ਹਿਰ ਵਲੋਂ "ਵਰਕਰ ਸਨਮਾਨ ਸੰਮੇਲਨ" 15 ਜੂਨ ਦਿਨ ਐਤਵਾਰ ਨੂੰ ਬਲਿਊ ਮੂਨ ਰਿਜੋਰਟ ਚੰਡੀਗੜ੍ਹ ਰੋਡ ਨਵਾਂ ਸ਼ਹਿਰ ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਬਹੁਜਨ ਸਮਾਜ ਪਾਰਟੀ ਲਈ ਤਨ ਮਨ ਧਨ ਅਰਪਣ ਕਰਨ ਵਾਲੇ ਯੋਧਿਆਂ ਦਾ ਸਨਮਾਨ ਕੀਤਾ ਜਾਵੇਗਾ।

ਸਾਰਿਆਂ ਨੂੰ ਅਪੀਲ ਹੈ ਕਿ ਇਸ ਸੰਮੇਲਨ ਵਿੱਚ ਪਹੁੰਚ ਕੇ ਆਏ ਹੋਏ ਆਗੂ ਸਾਹਿਬਾਨ ਦੇ ਵਿਚਾਰ ਸੁਣੀਏ।



# ਦਲਿਤ ਸਮਾਜ ਮਨੀਪੁਰ ਦਾ ਹੋਵੇ ਜਾ ਪੰਜਾਬ ਦਾ ਉਸ ਦੇ ਹੱਕ ਅਧਿਕਾਰਾਂ ਦਾ ਸ਼ੋਸ਼ਣ ਅਤੇ ਜਾਨ ਮਾਲ ਦਾ ਖਤਰਾ ਪਾਕਿਸਤਾਨ ਜਾ ਚੀਨ ਤੋਂ ਨਹੀਂ, ਭਾਰਤ ਦੇ ਕਥਿਤ ਉੱਚ ਵਰਗ ਦੇ ਕੁੱਝ ਖਾਸ ਲੋਕਾਂ ਤੋਂ ਹਮੇਸ਼ਾ ਬਣਿਆ ਰਿਹਾ ਹੈ

**ਪਟਿਆਲਾ ਜਿਲ੍ਹੇ ਦੇ ਪਿੰਡ ਬਠੋਈ ਕਲਾਂ ਦੀ ਸ਼ਾਮਲਾਤ ਪੰਚਾਇਤੀ ਜ਼ਮੀਨ 600 ਕਿੱਲੇ ਕਾਂਗਰਸ, ਅਕਾਲੀ+ਭਾਜਪਾ ਅਤੇ ਆਪ ਪਾਰਟੀ ਸਰਕਾਰ ਦੀ ਅਨਿਆਂ ਪੂਰਨ ਨਾਜਾਇਜ ਸਹਿ ਕਾਰਨ ਜੱਟ ਭਾਈਚਾਰਾ ਲੰਮੇ ਸਮੇ ਤੋਂ ਕਾਬਜ਼ ਸੀ ਅਦਾਲਤਾਂ ਰਾਹੀ 200 ਕਿੱਲੇ ਦੇ ਮਿਲੇ ਹੱਕ ਤੇ ਦਲਿਤ ਭਾਈਚਾਰੇ ਦੇ ਹਿੱਸੇ ਆਉਂਦੀ ਜ਼ਮੀਨ ਦੀ ਬੋਲੀ ਦੇ ਕੇ ਠੇਕੇ ਤੇ ਲੈਣ ਬਾਅਦ ਠੇਕੇ ਤੇ ਪੈਸੇ ਵੀ ਜਮਾਂ ਕਰਵਾ ਦਿੱਤੇ। ਮੂਲ ਰੂਪ ਵਿੱਚ ਇਹ ਬਰਦਾਸਤ ਨਾਂ ਹੋਣ ਕਾਰਨ ਦਲਿਤਾਂ ਦੀ ਕੁੱਟ ਮਾਰ ਝਗੜਾ, ਕਥਿਤ ਤੌਰ ਤੇ ਬੀਡੀਓ ਦਬਤਰ ਵਿੱਚ ਤਿੰਨ ਬੰਦੇ ਸੱਟਾਂ ਲੱਗਣ ਕਰਕੇ ਰਜਿੰਦਰਾ ਹਸਪਤਾਲ ਦਾਖਲ ਸਨ**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 10 ਜੂਨ
INTERNATIONAL PAPER, 94636 01616
hardipchumber57@gmail.com

ਪਟਿਆਲਾ (ਜਗਤਾਰ ਸਿੰਘ ਰੋੜੇਵਾਲ) ਬਹੁਜਨ ਸਮਾਜ ਪਾਰਟੀ ਦੇ ਪਿਛਲੇ ਲੰਮੇ ਸਮੇਂ ਤੋਂ ਕੀਤੇ ਸੰਘਰਸ਼ ਦੀ ਬਦੌਲਤ ਬਠੋਈਕਲਾਂ ਦੀ ਪੰਚਾਇਤੀ ਜ਼ਮੀਨ ਦਾ ਦਲਿਤ ਸਮਾਜ ਨੂੰ ਬਣਦਾ ਹਿੱਸਾ ਮਿਲਣ ਦੀ ਉਮੀਦ ਬੱਝੀ ਹੈ। ਪਟਿਆਲਾ ਜਿਲ੍ਹੇ ਦੇ ਪਿੰਡ ਬਠੋਈ ਕਲਾਂ ਦੀ ਪੰਚਾਇਤੀ ਸ਼ਾਮਲਾਤ ਜ਼ਮੀਨ ਤੇ ਪਿੰਡ ਦੇ ਧਨਾਡ ਲੋਕਾਂ ਨੇ ਪਿਛਲੇ ਕਾਫੀ ਸਮੇਂ ਤੋਂ ਨਜਾਇਜ ਕਬਜੇ ਕਰਕੇ ਕਰਕੇ ਦੱਬ ਰੱਖੀ ਸੀ।ਉਸ ਦਾ ਕਬਜ਼ਾ ਪੰਚਾਇਤ ਵਲੋਂ ਪ੍ਰਸ਼ਾਸਨ ਦੀ ਮੱਦਦ ਨਾਲ ਲਿਆ ਗਿਆ। ਪਿੰਡ ਬਠੋਈ ਕਲਾਂ ਦੀ ਸ਼ਾਮਲਾਤ ਪੰਚਾਇਤੀ ਜ਼ਮੀਨ 600 ਕਿਲੇ ਹੈ।ਜਿਸ ਵਿਚੋਂ 200 ਕਿਲੇ ਦਲਿਤ ਭਾਈਚਾਰੇ ਦੇ ਹਿੱਸੇ ਆਉਂਦੀ ਹੈ। ਦਲਿਤ ਭਾਈਚਾਰੇ ਦੇ ਹਿੱਸੇ 200 ਕਿਲੇ ਆਉਣ ਦੇ ਬਾਵਜੂਦ ਦਲਿਤ ਔਰਤਾਂ ਜਿਮੀਦਾਰਾਂ ਦੀਆਂ ਵੱਟਾਂ ਤੇ ਘਾਹ ਖੋਤਣ ਲਈ ਮਜਬੂਰ ਹਨ। ਪਿਛਲੇ ਦਿਨੀਂ ਪੰਚਾਇਤ ਵਲੋਂ ਬੀ ਡੀ ਪੀ ਓ ਸਾਹਿਬ ਦੀ ਹਾਜ਼ਰੀ ਵਿੱਚ ਸ਼ਾਮਲਾਤ ਜ਼ਮੀਨ ਦੀ ਬੋਲੀ ਕੀਤੀ ਗਈ।ਐਸ ਸੀ ਭਾਈਚਾਰੇ ਨੇ ਸ਼ਾਮਲਾਤ ਜ਼ਮੀਨ ਨੂੰ ਬੋਲੀ ਦੇ ਕੇ ਠੇਕੇ ਤੇ ਲੈਣ ਬਾਅਦ ਠੇਕੇ ਤੇ ਪੈਸੇ ਵੀ ਜਮਾਂ ਕਰਵਾ ਦਿੱਤਾ। ਪ੍ਰੰਤੂ ਜੱਟ ਭਾਈਚਾਰੇ ਦੇ ਕੁੱਝ ਲੋਕਾਂ ਵਲੋ ਮਜ਼ਦੂਰ ਭਾਈਚਾਰੇ ਵਲੋ ਠੇਕੇ ਤੇ ਲਈ ਜ਼ਮੀਨ ਤੇ ਨਜਾਇਜ ਕਬਜਾ ਕਰਨ ਦੀ ਨੀਅਤ ਨਾਲ ਹਮਲਾ ਕਰ ਦਿੱਤਾ। ਹਮਲੇ ਕਾਰਨ ਐਸ ਸੀ ਭਾਈਚਾਰੇ ਦੇ ਤਿੰਨ ਬੰਦੇ ਸੱਟਾਂ ਲੱਗਣ ਕਰਕੇ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਦਖਲ ਕਰਨੇ ਪਏ। ਦਸਣ ਅਨੁਸਾਰ ਫਿਰ ਦੁਬਾਰਾ 8 ਜੂਨ ਨੂੰ ਉਨ੍ਹਾਂ ਨਜਾਇਜ ਕਬਜਾ ਧਾਰੀਆਂ ਨੇ ਇੱਕ ਕਿਸਾਨ ਕੁਲਦੀਪ ਸਿੰਘ ਪੁੱਤਰ ਗੁਰਨਾਮ ਸਿੰਘ ਜਿਹੜਾ ਕਿ ਨਜਾਇਜ ਕਬਜਾ ਧਾਰੀਆਂ ਮੁਤਾਬਕ ਮਜ਼ਦੂਰਾਂ ਦਾ ਹਮਾਇਤੀ ਹੈ ਉਸ ਤੇ ਜਾਨਲੇਵਾ ਹਮਲਾ ਕਰਕੇ ਉਸ ਦੀਆਂ ਲੱਤਾਂ ਤੋੜ ਦਿੱਤੀਆਂ ਗਈਆਂ।ਇਹ ਹੈ ਧਨਾਡ ਲੋਕਾਂ ਦੀ ਗੁੰਡਾਗਰਦੀ। ਪਹਿਲੀ ਗੱਲ ਸ਼ਾਮਲਾਤ ਜ਼ਮੀਨ ਤੇ ਨਜਾਇਜ ਕਬਜ਼ਾ। ਫਿਰ ਐਸ ਸੀ ਭਾਈਚਾਰੇ ਦੇ ਤੀਜੇ ਹਿੱਸੇ ਦੀ ਜ਼ਮੀਨ ਜਿਸ ਦੀ ਬੋਲੀ ਹੋ ਚੁੱਕੀ ਹੈ ਉਹ ਵੀ ਨਹੀਂ ਲੈਣ ਦਿੰਦੇ ਮਜ਼ਦੂਰਾਂ ਨੂੰ। ਫਿਰ ਮਜ਼ਦੂਰਾਂ ਦੀ ਕੁੱਟਮਾਰ, ਮਜ਼ਦੂਰਾਂ ਦੀ ਹਮਾਇਤ ਕਰਨ ਵਾਲੇ ਕਿਸਾਨ ਦੀ ਕੁੱਟਮਾਰ ਤੇ ਲੱਤਾਂ ਤੋੜ ਦੇਣੀਆਂ। ਜਦੋਂ ਪਿਛਲੇ ਦਿਨੀਂ ਬਹੁਜਨ ਸਮਾਜ ਪਾਰਟੀ ਦੇ ਇਕਲੌਤੇ ਐਮ ਐਲ ਏ ਡਾਕਟਰ ਨਛੱਤਰ ਪਾਲ ਜੀ ਨਵਾਂਸ਼ਹਿਰ ਨੇ ਮਾਲਵਾ ਖੇਤਰ ਵਿਚ ਸ਼ਾਮਲਾਤ ਪੰਚਾਇਤੀ ਜ਼ਮੀਨ ਤੇ ਨਜਾਇਜ ਕਬਜੇ ਬਾਰੇ ਸਵਾਲ ਪੁੱਛੇ ਤਾਂ ਕਿ ਸੈਂਕੜੇ ਹੀ ਪਿੰਡਾਂ ਚ ਧਨਾਢ ਚੌਧਰੀਆਂ ਨੇ ਸ਼ਾਮਲਾਤ ਜ਼ਮੀਨਾਂ ਤੇ ਨਜਾਇਜ ਕਬਜੇ ਕਰ ਰੱਖਿਆ ਹੈ ਤੇ ਗਰੀਬ ਲੋਕਾਂ ਦੀ ਕੁੱਟਮਾਰ ਕੀਤੀ ਹੈ ਕਿ ਉਨ੍ਹਾਂ ਤੇ ਕਾਰਵਾਈ ਹੋਵੇਗੀ ਤਾਂ ਪੰਚਾਇਤ ਮੰਤਰੀ ਸੌਂਧ ਕਹਿੰਦੇ ਕਿ ਪਹਿਲਾਂ ਅਸੀਂ ਜਾਂਚ ਕਰਾਂਗੇ ਤੇ ਜੇਕਰ ਕੋਈ ਦੋਸ਼ੀ ਪਾਇਆ ਗਿਆ ਤਾਂ ਕਾਰਵਾਈ ਕਰਾਂਗੇ।ਪਰ ਦੱਸੋ ਕਿ ਪਿਛਲੇ ਤਿੰਨ ਸਾਲਾਂ ਚ ਕੋਈ ਕਾਰਵਾਈ ਹੋਈ??

ਪਿੰਡ ਸਤੋੜ ਕਲਾਂ, ਪਿੰਡ ਮੀਮਸਾ, ਬਲਦ ਕਲਾਂ, ਜਲੂਰ,ਸਾਦਿਹਰੀ, ਨਮੋਲ, ਮੰਡੋੜ, ਤੋਲੇਵਾਲ, ਤੇ ਪੰਜਾਬ ਦੇ ਹੋਰ ਬਹੁਤ ਸਾਰੇ ਪਿੰਡਾਂ ਚ ਧਨਾਢ ਚੌਧਰੀਆਂ, ਨੇ ਗੁੰਡਾਗਰਦੀ ਕੀਤੀ ਹੈ ਕਿ ਕਿਸੇ ਤੇ ਕੋਈ ਕਾਰਵਾਈ ਹੋਈ ਹੈ??

ਪਿੰਡ ਬਠੋਈ ਕਲਾਂ, ਪਟਿਆਲਾ ਚ ਜਿਮੀਦਾਰਾਂ (ਜੱਟ ਭਾਈਚਾਰੇ) ਵਲੋਂ ਪਿੰਡ ਦੀ ਸਾਂਝੀ ਸ਼ਾਮਲਾਤ ਜ਼ਮੀਨ 602 ਏਕ ਕਬਜਾ ਕੀਤਾ ਹੋਇਆ ਹੈ। ਪੰਚਾਇਤ ਨੇ ਪ੍ਰਸ਼ਾਸਨ ਦੀ ਮੱਦਦ ਨਾਲ ਕੋਰਟ ਵਿਚੋਂ ਕੇਸ ਜਿੱਤ ਕੇ ਆਪਣਾ ਕਬਜ਼ਾ ਕਰ ਲਿਆ। ਸ਼ਾਮਲਾਤ ਜ਼ਮੀਨ ਵਿਚੋਂ ਐਸ ਸੀ ਭਾਈਚਾਰੇ ਦੇ ਹਿੱਸੇ 200 ਏਕੜ ਤਾਂ ਕਨੂੰਨ ਅਨੁਸਾਰ ਹੀ ਬਣਦੀ ਹੈ। ਪਰ ਜੱਟ ਭਾਈਚਾਰੇ ਨੇ ਸਾਰੀ ਜ਼ਮੀਨ ਤੇ ਹੀ ਕਬਜ਼ਾ ਕੀਤਾ ਹੋਇਆ ਹੈ। ਸਭ ਤੋਂ ਵੱਡੀ ਸ਼ਰਮ ਦੀ ਗੱਲ ਇਹ ਹੈ ਕਿ ਕੁੱਝ ਕਿਸਾਨ ਜਥੇਬੰਦੀਆਂ ਨਜਾਇਜ ਕਬਜੇ ਵਾਲਿਆਂ ਦੀ ਮੱਦਦ ਕਰ ਰਹੀਆਂ ਹਨ ਤੇ ਲੋੜ ਪੈਣ ਤੇ ਆਪਣੇ ਸੁਆਰਥ ਲਈ ਕਿਸਾਨ ਮਜ਼ਦੂਰ ਏਕਤਾ ਦੇ ਨਾਹਰੇ ਮਾਰਦੀਆਂ ਨਹੀਂ ਥੱਕਦੇ। ਜਦੋਂ ਪ੍ਰਸ਼ਾਸਨ ਨੇ ਕੋਰਟ ਦੇ ਹੁਕਮਾਂ ਤੇ ਨਜਾਇਜ਼ ਕਬਜ਼ੇ ਤੋਂ ਜ਼ਮੀਨ ਨੂੰ ਮੁਕਤ ਕਰਵਾਇਆ ਤਾਂ ਇਹ ਕੁੱਝ ਨਹੀਂ ਕਰ ਸਕੇ। ਹੁਣ ਗਰੀਬ ਲੋਕਾਂ ਨੂੰ ਡਰਾਉਣ ਲਈ ਨਜਾਇਜ ਤੌਰ ਤੇ ਧਰਨਾ ਲਗਾਇਆ ਹੋਇਆ ਹੈ।

ਬਹੁਜਨ ਸਮਾਜ ਪਾਰਟੀ ਦਾ ਕਹਿਣਾ ਹੈ ਇਹ ਕੇਵਲ ਇਸ ਪਿੰਡ ਦੀ ਗੱਲ ਨਹੀਂ ਹੈ, ਪੰਜਾਬ ਦੇ ਲਗਭਗ ਹਰ ਵਿੰਡ ਵਿੱਚ ਕਾਂਗਰਸ, ਅਕਾਲੀ, ਭਾਜਪਾ ਅਤੇ ਆਪ ਦੀਆਂ ਸਰਕਾਰਾਂ ਦੀ ਸਹਿ ਹੋਣ ਕਾਰਨ ਐਸਸੀ ਬੀਸੀ ਭਾਈਚਾਰੇ ਦੇ ਹੱਕਾਂ ਨੂੰ ਮਾਰਦੇ ਆ ਰਹੇ ਹਨ ਉਪਰੋਕਤ ਵਰਤਾਰੇ ਨੂੰ ਦੇਖਦੇ ਹੋਏ ਸਾਰੇ ਭਾਈਚਾਰਿਆਂ ਨੂੰ ਅਪੀਲ ਹੈ ਕਿ ਆਪਣੇ ਹਿੱਸੇ ਦੀਆਂ ਜ਼ਮੀਨਾਂ ਲੈਣ ਲਈ ਸਾਨੂੰ ਆਪਣਾ ਰਾਜ ਭਾਗ ਪ੍ਰਾਪਤ ਕਰਨਾ ਪਵੇਗਾ। ਪੰਜਾਬ ਦੇ ਵਿਤਕਰਾਵਾਦੀ ਲੋਕਾਂ ਕੋਲੋਂ ਐਸਸੀ ਬੀਸੀ ਨੂੰ ਰਾਜਸਤਾ ਖੋਹਣੀ ਪਵੇਗੀ। ਜ਼ਮੀਨ ਪ੍ਰਾਪਤੀ ਲਈ ਲੜਨ ਤੋਂ ਪਹਿਲਾਂ ਰਾਜਭਾਗ ਪ੍ਰਾਪਤ ਕਰੋ। ਫੇਰ ਹੈ ਤੁਹਾਡੇ ਹਿੱਸੇ ਦੀਆਂ ਸਾਂਝੀਆਂ ਜ਼ਮੀਨਾਂ ਤੋਂ ਨਜਾਇਜ ਕਬਜੇ ਹਟਾਏ ਜਾ ਸਕਦੇ ਹਨ।ਲੈਂਡ ਸੀਲਿੰਗ ਐਕਟ ਲਾਗੂ ਕੀਤਾ ਜਾ ਸਕਦਾ ਹੈ। ਸਾਡੇ ਗੁਰੂ ਮਹਾਂਪੁਰਸ਼ ਦੇ ਕਹੇ ਬੋਲ ਕੇ ਕੁੱਟ ਉਨ੍ਹਾਂ ਲੋਕਾਂ ਤੇ ਹੀ ਪੈਂਦੀ ਹੈ ਜਿਨ੍ਹਾਂ ਕੋਲ ਰਾਜਭਾਗ ਨਹੀਂ ਹੁੰਦਾ। ਹੁਣ ਤੁਹਾਨੂੰ ਸੋਚਣਾ ਇਹ ਵੀ ਹੋਵੇਗਾ ਕਿ ਜੇ ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਪਾਰਟੀ ਬਸਪਾ ਦਾ ਇਕੱਲਾ ਵਿਧਾਇਕ ਡਾਕਟਰ ਨਛੱਤਰ ਪਾਲ ਜਿਹੜਾ ਕਿ ਨਵਾਂਸ਼ਹਿਰ ਦੀ ਜਰਨਲ ਸੀਟ ਤੋਂ ਜਿੱਤ ਕੇ ਐਮ ਐਲ ਏ ਬਣੇ ਹਨ ਕੇਵਲ ਉਹ ਦਲਿਤ ਹਿੱਸੇ ਦੀ 55000 ਏਕੜ ਸ਼ਾਮਲਾਤ ਜ਼ਮੀਨ ਦੀ ਗੱਲ ਕਰ ਰਹੇ ਹੈ। ਜਿਸ ਤੇ ਕੀ ਦਲਿਤ ਸਮਾਜ ਦਾ ਕਨੂੰਨੀ ਹੱਕ ਹੈ।ਕਿ ਹੱਕ ਤੁਹਾਨੂੰ ਰਾਜਸਤਾ ਤੋਂ ਬਿਨਾਂ ਮਿਲ ਸਕਦਾ ਹੈ।ਕਿ ਕਿਸੇ ਹੋਰ ਪਾਰਟੀ ਦੇ ਰਿਜਰਵ ਸੀਟ ਤੋਂ ਜਿੱਤੇ ਐਮ ਐਲ ਨੇ ਤੁਹਾਡੇ ਹਿੱਸੇ ਦੀ ਸ਼ਾਮਲਾਤ ਜ਼ਮੀਨ ਦੀ ਮੰਗ ਉਠਾਈ ਹੈ ।ਕਿ ਅਸੀਂ ਅਪਣੀ ਚੌਧਰ ਲਈ ਛੋਟੇ ਛੋਟੇ ਸਗੰਠਨ ਬਣਾ ਕੇ ਆਪਣੇ ਹਿੱਸੇ ਦੀ ਸ਼ਾਮਲਾਤ ਜ਼ਮੀਨ ਪ੍ਰਾਪਤ ਕਰ ਸਕਦੇ ਹਾਂ?? ਇਹ ਦਲਿਤਾਂ ਲਈ ਸੋਚਣਾਂ ਬਣਦਾ ਹੈ।ਫਿਰ ਹੀ ਰਿਜ਼ਰਵੇਸ਼ਨ ਲਾਗੂ ਹੋ ਸਕਦੀ ਹੈ,ਖਾਲੀ ਪਈਆਂ ਪੋਸਟਾਂ ਦਾ ਬੈਕਲਾਗ ਭਰਿਆ ਜਾ ਸਕਦਾ ਹੈ।ਲਾਲ ਲਕੀਰ ਖ਼ਤਮ ਕੀਤੀ ਜਾ ਸਕਦੀ ਹੈ । ਘੱਟੋ ਘੱਟ ਮਜ਼ਦੂਰੀ ਲਾਗੂ ਕੀਤੀ ਜਾ ਸਕਦੀ ਹੈ ਕੱਚੇ ਕਾਮਿਆਂ ਨੂੰ ਪੱਕੇ ਕੀਤੇ ਜਾ ਸਕਦੇ ਹੈ। ਸਫ਼ਾਈ ਸੇਵਕਾਂ ਨੂੰ ਪੱਕੇ ਰੁਜ਼ਗਾਰ ਤੇ ਹੋਰ ਸਹੂਲਤਾਂ ਦਿਤੀਆਂ ਜਾ ਸਕਦੀਆਂ ਹਨ।ਆਓ ਸਾਰੇ ਇਕੱਠੇ ਹੋ ਕੇ ਰਾਜਸਤਾ ਲਈ ਕਦਮ ਨਾਲ ਕਦਮ ਮਿਲਾ ਕੇ ਚੱਲੀਏ। ਜੈ ਭੀਮ ਜੈ ਭਾਰਤ ।



ਜਗਤਾਰ ਭੱਟੀ ਰੋੜੇਵਾਲ
ਪਟਿਆਲਾ
ਵੱਟਸਐਪ ਨੰਬਰ
8892956000

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 10 ਜੂਨ
INTERNATIONAL PAPER, 94636 01616
hardipchumber57@gmail.com

# ਅਧੂਰੇ ਸੁਪਨੇ

ਸ ਕਸ਼ਮੀਰ ਸਿੰਘ ਭੁਲੱਥ 8146091954



ਬਲਜੀਤ ਦਾ ਪਰਿਵਾਰ ਬੇਹੱਦ ਗਰੀਬ ਹੋਣ ਦੇ ਨਾਲ ਨਾਲ ਦਿਹਾਤੀ ਪਿੰਡ ਰੂਪਣਪੁਰ ਵਿੱਚ ਵਸਿਆ ਹੋਇਆ ਸੀ। ਰੂਪਣਪੁਰ ਭਾਰਤ ਪਾਕਿਸਤਾਨ ਦੀ ਸਰਹੱਦ ਤੇ ਵਸਿਆ ਭਾਰਤ ਦਾ ਆਖਰੀ ਪਿੰਡ ਸੀ।

ਪਹਿਲਾਂ 1947 ਦੀ ਵੰਡ ਵੇਲੇ ਲੁੱਟ ਖੋਹ ਦੇ ਸ਼ਿਕਾਰ ਹੋਏ । ਫਿਰ 1965 ਤੇ 1971 ਦੀ ਜੰਗ ਨੇ ਵੀ ਬੁਰੀ ਤਰ੍ਹਾਂ ਝੰਬਿਆ ਸੀ।

ਬਲਜੀਤ ਜਦੋ ਵੀ ਕਦੇ ਨਜ਼ਦੀਕ ਵੱਸਦੇ ਸ਼ਹਿਰ ਦੀ ਦੁਨੀਆਂ ਦੇਖਦਾ ਤਾਂ ਮਨ ਵਿੱਚ ਕਈ ਅਰਮਾਨ ਜਨਮ ਲੈਂਦੇ। ਫਿਰ ਮਨ ਹੀ ਮਨ ਵਿੱਚ ਪਰਮਾਤਮਾ ਨਾਲ ਸ਼ਿਕਵੇ ਸ਼ਿਕਾਇਤਾ ਕਰਦਾ ਰੱਬਾ ਅਸੀ ਤੇਰੇ ਕੀ ਮਾਂਹ ਮਾਰੇ ਆ ਸਾਡੇ ਘਰ ਐਨੀਂ ਗਰੀਬੀ ਕਿਉਂ ਪਾਈ ਹੋਈ ਆ।

ਫਿਰ ਸੁਭਾਵਕ ਮੂੰਹੋਂ ਸ਼ਬਦ ਨਿਕਲਦੇ ਕੋਈ ਨਾ ਰੱਬ ਸਾਡੇ ਵੀ ਦਿਨ ਫੇਰੇ ਗਾ।

ਬਲਜੀਤ ਕਦੇ ਪਰਮਾਤਮਾ ਨੂੰ ਉਲਾਂਭੇ ਦਿੰਦਾ ਤੇ ਕਦੇ ਅਰਦਾਸ ਬੇਨਤੀ ਕਰਦਾ ਰਹਿੰਦਾ।

ਬਲਜੀਤ ਨੇ ਬੀਐਸਐਫ ਵਿੱਚ ਭਰਤੀ ਹੋਣ ਲਈ ਦੌੜ ਭੱਜ ਕਰ ਰਿਹਾ ਸੀ ਪਰਮਾਤਮਾ ਨੇ ਬਲਜੀਤ ਦੀ ਸੁਣ ਲਈ

ਬਲਜੀਤ ਦੀ ਬੀਐਸਐਫ ਵਿੱਚ ਸਲੈਕਸਨ ਹੋ ਗਈ ਸੀ। ਸਾਰਾ ਪਰਿਵਾਰ ਬਹੁਤ ਖੁਸ਼ ਸੀ।

ਹੁਣ ਬਲਜੀਤ ਨੂੰ ਲੱਗਣ ਲੱਗਿਆ ਸੀ ਮੈਂ ਆਪਣੇ ਸਾਰੇ ਸੁਪਨੇ ਪੂਰੇ ਕਰਾਂਗਾ। ਪਿੰਡ ਵਿੱਚ ਮਸਾਲ ਕਾਇਮ ਕਰ ਦਿਆਂਗਾ।

ਬਲਜੀਤ ਤੋਂ ਛੋਟਾ ਭਰਾ ਸੁਰਜੀਤ ਤੇ ਸਭ ਤੋਂ ਛੋਟੀ ਭੈਣ ਮਨਰਾਜ ਦੀਆਂ ਅੱਖਾਂ ਵਿੱਚ ਵੀ ਚਮਕ ਦਿਖਾਈ ਦੇਣ ਲੱਗੀ ਸੀ

ਬਲਜੀਤ ਨੇ ਟ੍ਰੇਨਿੰਗ ਦੌਰਾਨ ਦੇਖਿਆ ਲੋਕ ਨੌਕਰੀ ਦੇ ਪੈਸੇ ਨਾਲ ਆਪਣੀ ਜ਼ਿੰਦਗੀ ਦਾ ਕਿਵੇਂ ਆਨੰਦ ਮਾਣ ਰਹੇ ਹਨ।

ਪਰ ਬਲਜੀਤ ਇਸ ਗੱਲ ਤੋਂ ਬੇਖ਼ਬਰ ਸੀ ਇਸ ਐਸ਼ ਓ ਆਰਾਮ ਵਾਲੀ ਜ਼ਿੰਦਗੀ ਪਿਛੇ ਉਹਨਾਂ ਦੇ ਮਾਂ ਬਾਪ ਅਤੇ ਦਾਦਾ ਦਾਦੀ ਦਾ ਜ਼ਿਆਦਾ ਯੋਗਦਾਨ ਸੀ।

ਬਲਜੀਤ ਹਮੇਸ਼ਾ ਪਰਿਵਾਰ ਦੇ ਸੁਨਹਿਰੀ ਭਵਿੱਖ ਦੇ ਨਾਲ ਨਾਲ ਇੱਕ ਲਗਜਰੀ ਲਾਇਫ ਜਿਉਂਣ ਦੇ ਹੁਸੀਨ ਸੁਪਨੇ ਸਜਾਉਂਦਾ ਰਿਹਾ। ਪਰ ਉਸ ਤਰ੍ਹਾ ਨਾ ਹੋ ਸਕਿਆ।

ਜਦੋ ਬਲਜੀਤ ਦੀ ਨੌਕਰੀ ਮਾਤਰ 6--7 ਹੋਈ ਤਾਂ ਨਿੱਕੀ ਭੈਣ ਵਿਆਉਣ ਯੋਗ ਹੋ ਗਈ।

ਬਲਜੀਤ ਸਮੇਤ ਸਾਰਾ ਪਰਿਵਾਰ ਚਹੁੰਦਾ ਸੀ ਬਲਜੀਤ ਤੋਂ ਪਹਿਲਾਂ ਮਨਰਾਜ ਦਾ ਵਿਆਹ ਕਰ ਦਿੱਤਾ ਜਾਵੇ।

ਮਨਰਾਜ ਦੇ ਵਿਆਹ ਦਾ ਜ਼ਿਆਦਾ ਭਾਰ ਬਲਜੀਤ ਦੇ ਸਿਰ ਤੇ ਆ ਗਿਆ।

ਜਦੋ ਤੱਕ ਤਿੰਨਾਂ ਭੈਣ ਭਰਾਵਾਂ ਵਿਆਹੇ ਗਏ ਉਦੋ ਤੱਕ ਬਲਜੀਤ ਦੀ ਨੌਕਰੀ ਦੇ 15 ਸਾਲ ਪੂਰੇ ਹੋ ਚੁੱਕੇ ਸਨ।

ਦਿਲ ਵਿੱਚ ਸਜਾਏ ਗਏ ਸੁਪਨੇ ਅਜੇ ਵੀ ਅਧੂਰੇ ਹੀ ਪਏ ਸਨ।

ਬਲਜੀਤ ਦੇ ਆਪਣੇ ਵਿਆਹ ਤੋਂ ਬਾਅਦ ਘਰ ਵਿੱਚ ਬੇਟੀ ਮਹਿਕ ਅਤੇ ਬੇਟੇ ਪਰਮ ਨੇ ਜਨਮ ਲਿਆ।

ਬਲਜੀਤ ਹੁਣ ਆਪਣੇ ਸ਼ੌਕ ਤੋਂ ਜ਼ਿਆਦਾ ਆਪਣੇ ਬੱਚਿਆਂ ਦੇ ਲਾਡ ਚਾਅ ਵੱਲ ਧਿਆਨ ਦੇਣ ਲੱਗਿਆ

ਕਦੇ ਪਰਿਵਾਰ ਵਿੱਚ ਖੁਸ਼ੀਆਂ ਦਾ ਸਮਾਂ ਬਣ ਜਾਂਦਾ ਤਾਂ ਖ਼ਰਚਾ ਵੱਧ ਜਾਂਦਾ, ਕਦੇ ਕੋਈ ਢਿੱਲ ਮੱਠ ਹੋ ਜਾਂਦੀ ਤਾਂ ਖਰਚ ਵੱਧ ਜਾਂਦਾ

ਸਮਾਂ ਆਪਣੀ ਚਾਲ ਚੱਲਦਾ ਗਿਆ

ਮਾਂ ਪਿਓ ਇਸ ਦੁਨੀਆਂ ਤੋਂ ਰੁਖ਼ਸਤ ਹੋ ਚੁੱਕੇ ਸਨ। ਉਹਨਾਂ ਨੇ ਆਪਣੇ ਜਿਉਂਦੇ ਜੀਅ ਬਲਜੀਤ ਦੀ ਸਧਰਾਂ ਨੂੰ ਬੂਰ ਪੈਂਦਾ ਨਹੀਂ ਦੇਖਿਆ।

ਬੱਚੇ ਸਕੂਲਾਂ ਤੋਂ ਕਾਲਜਾਂ ਤੱਕ ਦਾ ਸਫ਼ਰ ਤੈਅ ਕਰ ਆਏ ਸਨ।

ਬਹੁਤ ਖੁਸ਼ ਸੀ ਬਲਜੀਤ ਤੇ ਉਸਦੀ ਪਤਨੀ ਸਿਮਰਨ ਕਦੇ ਕਦੇ ਬਲਜੀਤ ਨੂੰ ਆਪਣੇ ਹੁਸੀਨ ਸੁਪਨਿਆਂ ਦਾ ਸੁਪਨਾ ਤਾਂ ਆਉਂਦਾ ਪਰ ਹੌਂਕਾ ਜਿਹਾ ਭਰ ਕੇ ਪਰਿਵਾਰ ਦੀਆਂ ਖੁਸ਼ੀਆਂ ਵਿੱਚ ਵਲੀਨ ਹੋ ਜਾਂਦਾ। ਆਪਣੇ ਸਾਰੇ ਚਾਅ ਘਰ ਦੀਆਂ ਜ਼ਿੰਮੇਵਾਰੀਆਂ ਹੇਠ ਦੱਬਦੇ ਗਏ।

ਬਲਜੀਤ ਦੀ ਨੌਕਰੀ ਲਗਭਗ 28 ਸਾਲ ਪੂਰੀ ਹੋਣ ਵਾਲੀ ਸੀ ਤਾ ਮਹਿਕਮੇ ਨੇ ਪੈਨਸ਼ਨ ਜਾਣ ਦੀ ਵਾਰਨਿੰਗ ਭੇਜ ਦਿੱਤੀ ਸੀ।

ਅਗਲੇ ਦੋ ਸਾਲਾਂ ਬਾਅਦ ਬਲਜੀਤ ਪੈਨਸ਼ਨ ਪ੍ਰਾਪਤ ਕਰਕੇ ਆਪਣੇ ਪਰਿਵਾਰ ਵਿੱਚ ਖ਼ੁਸ਼ੀ ਖ਼ੁਸ਼ੀ ਜਾਵੇਗਾ ਇਸ ਗੱਲ ਦੀ ਚਰਚਾ ਹਮੇਸ਼ਾ ਯੂਨਿਟ ਵਿੱਚ ਚੱਲਦੀ ਰਹਿੰਦੀ।

ਅਖੀਰ ਉਹ ਤਰੀਕ ਵੀ ਆ ਗਈ ਬਲਜੀਤ ਪੈਨਸ਼ਨ ਸਕੀਮ ਦਾ ਲਾਭ ਲੈ ਕੇ ਸਹੀ ਸਲਾਮਤ ਆਪਣੇ ਪਰਿਵਾਰ ਵਿੱਚ ਪਹੁੰਚਿਆ ਸੀ।

ਬਲਜੀਤ ਦੇ ਘਰ ਆਉਣ ਦੀ ਖੁਸ਼ੀ ਵਿੱਚ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਪਵਾਏ ਗਏ ।

ਸਾਰੇ ਰਿਸ਼ਤੇਦਾਰ ਸਾਕ ਸਬੰਧੀਆਂ ਨੂੰ ਪਾਰਟੀ ਲਈ ਬੁਲਾਇਆ ਗਿਆ।

ਸਿਮਰਨ ਨੇ ਸਾਕ ਸਬੰਧੀਆਂ ਤੇ ਰਿਸ਼ਤੇਦਾਰਾਂ ਨੂੰ ਖੁਸ਼ ਕਰਨ ਲਈ ਖ਼ੂਬ ਖ਼ਰਚਾ ਕੀਤਾ।

ਪਰ ਜ਼ਿਆਦਾਤਰ ਰਿਸ਼ਤੇਦਾਰਾਂ ਨੂੰ ਖੁਸ਼ ਨਾ ਕਰ ਸਕੇ।

ਬਲਜੀਤ ਨੂੰ ਪੈਨਸ਼ਨ ਦੌਰਾਨ ਲਗਭਗ 55 ਲੱਖ ਰੁਪਏ ਨਗਦ ਰਾਸ਼ੀ ਮਿਲੀ ਸੀ।

ਪੈਸੇ ਕਾਰਨ ਕਈ ਰਿਸ਼ਤੇ ਦਾਰਾਂ ਦੀ ਨੇੜਤਾ ਵੱਧਦੀ ਦੇਖ ਬਲਜੀਤ ਦੀ ਚਿੰਤਾਂ ਵੱਧਣੀ ਸੁਭਾਵਿਕ ਸੀ।

ਬਲਜੀਤ ਨੇ ਸੋਚਿਆ ਕਿਉਂ ਨਾ ਬੱਚਿਆਂ ਨੂੰ ਉਚੇਰੀ ਸਿੱਖਿਆ ਲਈ ਵਿਦੇਸ਼ ਭੇਜਿਆ ਜਾਵੇ।

ਜੇਕਰ ਹੁਣ ਵੀ ਬੱਚਿਆਂ ਦਾ ਭਵਿੱਖ ਨਾ ਸਵਾਰਿਆ ਗਿਆ ਤਾਂ ਫਿਰ ਪੈਸੇ ਦਾ ਦੁਰ ਉਪਯੋਗ ਹੋ ਜਾਣਾ ਹੈ।

ਬਲਜੀਤ ਨੇ ਦੋਹਾਂ ਬੱਚਿਆਂ ਨੂੰ ਉਚੇਰੀ ਸਿੱਖਿਆ ਲਈ ਨਿਉਜੀਲੈਂਡ ਭੇਜ ਦਿੱਤਾ ਇਸ ਲਈ ਬਲਜੀਤ ਨੇ ਲਗਭਗ 40 ਲੱਖ ਰੁਪਏ ਏਜੰਟਾਂ ਅਤੇ ਫੀਸਾਂ ਦੇ ਰੂਪ ਵਿੱਚ ਖ਼ਰਚ ਦਿੱਤੇ।

ਕੁੱਝ ਆਪਣੇ ਪਿਤਾ ਪੁਰਖੀ ਘਰ ਦੀ ਹਾਲਤ ਸੁਧਾਰਨ ਲਈ ਖਰਚ ਲਿਆ ਤੇ ਆਪ ਸਿਕਉਰਟੀ ਡਿਊਟੀ ਲਈ ਪ੍ਰਾਈਵੇਟ ਕੰਪਨੀ ਹੇਠ ਗੁਜਰਾਤ ਚਲਾ ਗਿਆ।

ਬਲਜੀਤ ਦੇ ਬੇਟਾ ਬੇਟੀ ਭਲੀਭਾਂਤ ਜਾਣਦੇ ਸਨ ਸਾਡੀ ਪੜ੍ਹਾਈ ਲਈ ਖ਼ਰਚ ਕੀਤਾ ਗਿਆ ਪੈਸਾ ਸਾਡੇ ਆਪਣੇ ਹੀ ਪਿਤਾ ਦਾ ਹੈ। ਕਿਸੇ ਕਿਸਮ ਦਾ ਕੋਈ ਲੋਨ ਨਹੀਂ ਹੈ।

ਇਸ ਲਈ ਦੋਹਾਂ ਬੱਚਿਆਂ ਨੇ ਜ਼ਿਆਦਾ ਗਹਿਰਾਈ ਨਾਲ ਸੋਚਣ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ।

ਕਦੇ ਬਲਜੀਤ ਨੇ ਵੀ ਜ਼ਿਕਰ ਨਹੀਂ ਕੀਤਾ ਤੁਸੀਂ ਵਿਦੇਸ਼ ਵਿੱਚ ਕੀ ਕਰਦੇ ਕਮਾਉਂਦੇ ਹੋ।

ਪੜ੍ਹਾਈ ਪੂਰੀ ਹੋਣ ਤੋਂ ਬਾਅਦ ਬੇਟੇ ਪਰਮ ਨੇ ਬਲਜੀਤ ਨੂੰ ਕਿਹਾ ਪਾਪਾ ਜੀ ਮੈਂ ਨਿਉਜੀਲੈਂਡ ਵਿੱਚ ਹੀ ਆਪਣਾ ਘਰ ਅਤੇ ਕੰਮ ਖੋਲਣਾ ਚਹੁੰਦਾ ਹਾਂ।

ਬੇਟੀ ਮਹਿਕ ਨੇ ਤਾਂ ਨਿਉਜੀਲੈਂਡ ਵਿੱਚ ਹੀ ਬਿਨਾਂ ਬਾਪ ਦੀ ਇਜਾਜ਼ਤ ਵਿਆਹ ਕਰਵਾ ਲਿਆ ਸੀ।

ਸਮਾਂ ਆਪਣੀ ਚਾਲੇ ਚੱਲਦਾ ਰਿਹਾ ਬਲਜੀਤ ਦੀ ਉਮਰ 60 ਵਾਂ ਸਾਲ ਪਾਰ ਕਰ ਗਈ ਤਾਂ ਪ੍ਰਾਈਵੇਟ ਕੰਪਨੀ ਨੇ ਇੱਕ ਮਹੀਨੇ ਦਾ ਸਮਾਂ ਦੇ ਕੇ ਰਿਟਾਇਰਮੈਂਟ ਦੀ ਤਰੀਕ ਭੇਜ ਦਿੱਤੀ ਸੀ।

ਬਲਜੀਤ ਹੁਣ ਪੱਕੇ ਤੌਰ ਤੇ ਘਰ ਆ ਗਿਆ ਸੀ।

ਬਲਜੀਤ ਤੇ ਸਿਮਰਨ ਨੂੰ ਛੋਟੀਆਂ ਛੋਟੀਆਂ ਕਈ ਬਿਮਾਰੀਆਂ ਨੇ ਘੇਰ ਲਿਆ ਸੀ ।

ਅੱਖਾਂ ਦੀ ਰੌਸ਼ਨੀ ਘੱਟਣ ਲੱਗੀ ਸੀ । ਕੰਨਾਂ ਤੋਂ ਸੁਨਣਾ ਵੀ ਘੱਟ ਹੋ ਗਿਆ ਸੀ।

ਬੱਚੇ ਵਿਦੇਸ਼ਾਂ ਵਿੱਚ ਆਪਣੀਆਂ ਰੰਗੀਨੀਆਂ ਵਿੱਚ ਮਗਨ ਹੋ ਗਏ ਸਨ।

ਬਲਜੀਤ ਪਿਤਾ ਪੁਰਖੀ ਪੌਣਾਂ ਕਿਲਾ ਜ਼ਮੀਨ ਤੇ ਆਪਣੀ ਖੇਤੀਬਾੜੀ ਕਰਕੇ ਸਮਾਂ ਬਤੀਤ ਕਰਦੇ ਰਹਿੰਦੇ।

ਜਦੋ ਕਦੇ ਇਕੱਲੇਪਣ ਵਿੱਚ ਬੈਠੇ ਬਲਜੀਤ ਦਾ ਧਿਆਨ ਆਪਣੇ ਬਚਪਨ ਵਿਚ ਸੰਜੋਏ ਸੁਪਨਿਆਂ ਵੱਲ ਖਿੱਚਿਆ ਜਾਂਦਾ ਤਾਂ ਬਲਜੀਤ ਦੇ ਸਾਰੇ ਸੁਪਨੇ ਅੱਜ ਵੀ ਅਧੂਰੇ ਹੀ ਪਏ ਸਨ।

ਬਲਜੀਤ ਦੇ ਆਪਣੀ ਜ਼ਿੰਦਗੀ ਦੇ 40 ਸਾਲ ਅਣਥੱਕ ਮਿਹਨਤ ਵੀ ਕੀਤੀ ਪਰ ਆਪਣੇ ਦਿਲ ਵਿਚ ਸੰਜੋਏ ਸੁਪਨਿਆਂ ਨੂੰ ਅਮਲੀ ਜਾਮਾ ਪਹਿਨਾਉਣ ਵਿੱਚ ਅਸਫ਼ਲ ਰਹਿ ਗਿਆ ਸੀ

"Equality and justice"
Patiala 10 June
INTERNATIONAL PAPER, 94636 01616
hardipchumber57@gmail.com

# 11-12 ਜੂਨ ਲਈ ਆਦ ਧਰਮ ਦੇ ਸਥਾਪਨਾ ਦਿਵਸ ਸਬੰਧੀ ਵਿਸ਼ੇਸ਼

ਐਡਵੋਕੇਟ ਕੁਲਦੀਪ ਚੰਦ ਦੋਬੇਟਾ, ਨੇੜੇ ਸਰਕਾਰੀ ਪ੍ਰਾਇਮਰੀ ਸਕੂਲ ਦੋਬੇਟਾ
ਤਹਿਸੀਲ ਨੰਗਲ ਜਿਲ੍ਹਾ ਰੂਪਨਗਰ ਪੰਜਾਬ, 9417563054



